ੴ ਵਾਹਿਗੁਰੂ ਜੀ ਕੀ ਫਤਹਿ ॥

ਸਿੱਖ ਧਰਮ ਵਿੱਚ ਇਸਤਰੀ ਦਾ ਸਥਾਨ ਤੇ ਯੋਗਦਾਨ

GPT-2 ਚੌਥੀ ਵਾਰ ਨਵੰਬਰ, 2002

-- ਪ੍ਰੋ: ਪ੍ਰਭਜੋਤ ਕੌਰ --

ਗੁਰਮਤਿ ਪ੍ਰਸਾਰ ਸੇਵਾ ਸੁਸਾਇਟੀ (ਰਜਿ.)
ਮਕਾਨ ਨੰ: 1444, ਸੈਕਟਰ 34-ਸੀ, ਚੰਡੀਗੜ੍ਹ ਫੋਨ - 667803

ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ
ਗੁਰਦੁਆਰਾ ਸਾਹਿਬਜ਼ਾਦਾ ਅਜੀਤ ਸਿੰਘ, ਫੇਜ਼ 6, ਮੋਹਾਲੀ ਫੋਨ : 687589

ਸਿੱਖ ਧਰਮ ਵਿੱਚ ਇਸਤਰੀ ਦਾ ਸਥਾਨ ਤੇ ਯੋਗਦਾਨ

ਪ੍ਰੋ: ਪ੍ਰਭਜੋਤ ਕੌਰ

ਅੰਗਰੇਜ਼ੀ ਦੀ ਇੱਕ ਕਹਾਵਤ ਹੈ ਕਿ, "The hand that rocks the cradle rules the world', ਭਾਵ ਪੰਘੂੜੇ ਨੂੰ ਝੂਟੇ ਦੇਣ ਵਾਲੀ ਮਾਂ ਹੀ ਅਸਿੱਧੇ ਤੌਰ ਤੇ ਸੰਸਾਰ ਵਿੱਚ ਰਾਜ ਕਰਦੀ ਹੈ । ਅਨੇਕਾਂ ਮਹਾਂ ਪੁਰਸ਼ਾਂ ਦੀਆਂ ਜੀਵਨੀਆਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ।

ਦੂਜੇ ਪਾਸੇ ਪੰਜਾਬੀ ਲੋਕ ਕਥਾਵਾਂ ਵਿੱਚ ਇੱਕ ਅਜਿਹੀ ਮਾਂ ਦਾ ਜ਼ਿਕਰ ਆਉਂਦਾ ਹੈ ਜਿਸ ਦਾ ਕੰਨ ਉਸ ਦੇ ਪੁੱਤਰ ਨੇ ਉਦੋਂ ਕੱਟ ਲਿਆ, ਜਦੋਂ ਉਹ ਉਸ ਨਾਲ ਮੁਲਾਕਾਤ ਕਰਨ ਲਈ ਜੇਲ੍ਹ ਗਈ । ਹੈਰਾਨ ਹੋਈ ਮਾਂ ਨੇ ਜਦੋ ਇਸ ਦਾ ਕਾਰਨ ਪੁਛਿਆ ਤਾਂ ਪੁੱਤਰ ਨੇ ਕਿਹਾ, ਹੇ ਮਾਂ, ਅੱਜ ਮੈਨੂੰ ਜੇਲ੍ਹ ਦੀ ਹਵਾ ਨਾ ਖਾਣੀ ਪੈਂਦੀ ਜੇ ਤੂੰ ਮੈਨੂੰ ਚੋਰੀ ਕਰਨ ਤੋਂ ਉਸ ਦਿਨ ਮਨਾ ਕਰਦੀ, ਜਿਸ ਦਿਨ ਮੈਂ ਪਹਿਲੀ ਵਾਰੀ ਆਪਣੇ ਜਮਾਤ ਦੇ ਬਸਤੇ ਵਿਚੋਂ ਕਲਮ ਚੁਰਾ ਕੇ ਲਿਆਇਆ ਸੀ ।

ਸਪੱਸ਼ਟ ਹੈ ਕਿ ਕਿਸੇ ਵਿਅਕਤੀ ਦੇ ਆਚਰਣ ਦੀ ਘਾੜਤ ਵਿੱਚ ਮਾਂ ਦਾ ਖਾਸ ਯੋਗਦਾਨ ਹੁੰਦਾ ਹੈ । ਬੜੀ ਹੀ ਸੂਖਮ ਦ੍ਰਿਸ਼ਟੀ ਦੇ ਮਾਲਕ ਗੁਰੂ ਨਾਨਕ ਨੇ ਕੌਮ ਉਸਾਰੀ ਵਿੱਚ ਮਾਤਾ ਦੇ ਯੋਗਦਾਨ ਦੀ ਮਹੱਤਤਾ ਨੂੰ ਸਮਝਦਿਆ ਹੋਇਆਂ ਹੀ ਦੁਨੀਆਂ ਭਰ ਦੀਆਂ ਮਾਤਾਵਾਂ ਦੇ ਹੱਕ ਵਿੱਚ ਨਾਅਰਾ ਲਗਾਉਂਦਿਆ ਕਿਹਾ, "ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ"।। ਆਸਾ ਕੀ ਵਾਰ ਦੀ ਉਨੀਵੀਂ ਪਉੜੀ, ਜਿਸ ਵਿਚ ਇਹ ਤੁਕ ਦਰਜ ਹੈ, ਦੇ ਪਹਿਲੇ ਸਲੋਕ ਵਿਚ ਗੁਰੂ ਸਾਹਿਬ ਆਪਣੇ ਆਪ ਨੂੰ ਉਚਾ ਸਮਝਣ ਵਾਲੇ ਲੋਕਾਂ ਦੀ ਚਰਚਾ ਕਰਨ ਤੋਂ ਬਾਦ ਦੂਸਰੇ ਸਲੋਕ ਵਿਚ ਇਸਤਰੀ ਬਾਰੇ ਖਾਸ ਤੌਰ ਤੇ ਲਿਖਦੇ ਹਨ ਕਿ ਸਚਾਈ ਤਾ ਇਹ ਹੈ ਕਿ ਜਿਸ ਇਸਤਰੀ ਨੂੰ ਸਮਾਜ ਨੀਵਾਂ ਸਮਝਦਾ ਹੈ ਉਸ ਬਿਨਾਂ ਉਸ ਦਾ ਗੁਜ਼ਾਰਾ ਨਹੀ । ਇਸਤਰੀ ਬਿਨਾਂ ਤਾ ਸੰਸਾਰ ਦੀ ਹੋਂਦ ਹੀ ਮੁਸ਼ਕਿਲ ਹੈ । ਇਸ ਤੋ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ , ਪ੍ਰਾਂਣੀ ਜਨਮ ਲੈਂਦਾ ਹੈ ਅਤੇ ਇਸ ਨਾਲ ਹੀ ਵਡੇ ਹੋ ਕੇ ਉਸ ਦਾ ਸੰਜੋਗ ਬਣਦਾ ਹੈ ਅਤੇ ਸੰਸਾਰਕ ਸਬੰਧ ਬਣਦੇ ਹਨ । ਇਥੋ ਤਕ ਕਿ ਇਕ ਇਸਤਰੀ ਦੀ ਮੌਤ ਹੋ ਜਾਏ ਤਾਂ ਦੂਸਰੀ ਦੀ ਭਾਲ ਕਰਦਾ ਹੈ । ਤਾਂ ਫਿਰ ਇਸਤਰੀ ਨੂੰ ਮੰਦਾ ਕਹਿਣਾ ਕੀ ਆਪਣੇ ਆਪ ਵਿਚ ਸਵੈ ਵਿਰੋਧੀ ਨਹੀ। ਮੰਦਾ ਕਿਸੈ ਨ ਆਖੀਐ -ਮੰਦਾ ਤਾ ਕਿਸੇ ਨੂੰ ਵੀ ਕਹਿਣਾ ਉਚਿਤ ਨਹੀਂ ਤਾ ਫਿਰ ਨਿਹਕਲੰਕ ਸਮਝੇ ਜਾਣ ਵਾਲੇ ਰਾਜਿਆ ਦੀ ਜਨਣੀ ਨੂੰ ਕਲੰਕਣੀ ਕਹਿਣਾ ਕਿਵੇਂ ਉਚਿਤ ਹੋ ਸਕਦਾ ਹੈ

ਪਰ ਅਫਸੋਸ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਇਸਤਰੀ ਦੀ ਹਾਲਤ ਬਹੁਤ ਤਰਸਯੋਗ ਸੀ । ਦੇਵੀਆਂ ਦੀ ਪੂਜਾ ਕਰਨ ਵਾਲੇ ਪੂਰਬੀ ਸਮਾਜ ਵਿਚ ਇਸਤਰੀ ਨੂੰ ਦੇਵ ਦਾਸੀਆਂ ਬਨਣ ਲਈ ਮਜਬੂਰ ਕੀਤਾ ਜਾਂਦਾ ਸੀ ਅਤੇ ਉਸਨੂੰ ਕਲੰਕਣੀ, ਬਾਂਝਣ, ਵਿਸ ਦੀ ਗੰਦਲ ਅਤੇ ਪੈਰ ਦੀ ਜੁਤੀ ਕਹਿ ਕੇ ਦੁਰਕਾਰਿਆ ਜਾਂਦਾ ਸੀ। ਔਰਤ ਨੂੰ ਚੰਗੇਰਾ ਅੱਧ (Better Half) ਕਹਿਣ ਵਾਲੇ ਪੱਛਮੀ ਸਮਾਜ ਵਿਚ ਤਾਂ ਔਰਤ ਦੀ ਹਾਲਤ ਕੋਈ ਬਿਹਤਰ ਨਹੀ ਸੀ । ਇਸਤਰੀ ਦੀ ਵਿਰੋਧਤਾ ਤਾਂ ਆਦਮ ਅਤੇ ਹਵਾ ਦੀ ਕਹਾਂਣੀ ਤੋ ਹੀ ਸ਼ੁਰੂ ਹੋ ਜਾਂਦੀ ਹੈ । ਮਨੁੱਖ ਦੇ ਸਾਰੇ ਦੁਖਾ ਦਾ ਕਾਰਣ ਇਸਤਰੀ ਨੂੰ ਹੀ ਸਮਝਿਆ ਗਿਆ ਹੈ ਕਿਉ ਕਿ ਉਸਨੇਹੀ ਆਦਮ ਨੂੰ ਭਰਮਾਂ ਕੇ ਉਸ ਕੋਲੋਂ ਮੁਢਲਾ ਅਪਰਾਧ ਕਰਵਾਇਆ ਜਿਸ ਦੀ ਸਜਾ ਵਜੋ ਆਦਮ ਹਵਾ ਦੀ ਔਲਾਦ (ਮਨੁੱਖਤਾ) ਨੂੰ ਇਸ ਦੁਖ ਭਰੇ ਸੰਸਾਰ ਵਿਚ ਜਨਮ ਲੈਣਾ ਪਿਆ। ਇਥੋ ਤੱਕ ਕਿ ਸੁਕਰਾਤ ਅਤੇ ਅਰਸਤੂ ਵਰਗੇ ਸੰਸਾਰ ਪ੍ਰਸਿੱਧ ਫਿਲਾਸਫਰ ਵੀ ਇਸਤਰੀ ਨੂੰ ਇਨਸਾਫ ਨਹੀਂ ਦੇ ਸਕੇ । ਸੁਕਰਾਤ ਕਹਿੰਦਾ ਹੈ, "The courage of a man and that of a woman are not the same . The courage of a man is shown in command and that of a woman in obeying ." ਇਸੇ ਤਰ੍ਹਾਂ ਅਰਸਤੂ ਕਹਿੰਦਾ ਹੈ "Woman is an unfinished man left standing on a lower step in the scale of development . The male is by nature superior and female inferior, the one is ruler and the other ruled . Woman is weak of will and, therefore, incapable of independence of character and position ."

ਸਮਾਜ ਦੇ ਆਮ ਮਨੁੱਖ ਦੀ ਗੱਲ ਤਾਂ ਦੂਰ ਰਹੀ, ਧਾਰਮਿਕ ਆਗੂ ਅਤੇ ਮਹਾਂਪੁਰਸ਼ ਵੀ ਇਸਤਰੀ ਨਾਲ ਇਨਸਾਫ ਨਹੀਂ ਕਰ ਸਕੇ। ਇਸਲਾਮ ਨੇ ਬਹੁ ਪਤਨੀਆਂ ਦੀ ਆਗਿਆ ਦੇ ਕੇ ਅਤੇ ਇਸਤਰੀ ਨੂੰ ਪਰਦੇ ਵਿੱਚ ਰੱਖ ਕੇ ਇਸਤਰੀ ਦੀ ਸਮਾਜਿਕ ਪਦਵੀ ਨੂੰ ਬਹੁਤ ਨੀਵਾਂ ਕਰ ਦਿੱਤਾ ।

ਗੌਤਮ ਬੁੱਧ ਨੇ ਆਪਣੇ ਚੇਲੇ ਆਨੰਦ ਨੂੰ ਹੁਕਮ ਕਰ ਦਿੱਤਾ ਕਿ ਇਸਤਰੀ ਨੂੰ ਸੰਘ ਵਿੱਚ ਸ਼ਾਮਲ ਕਰਨ ਦੀ ਆਗਿਆ ਨਹੀਂ ਹੋਏਗੀ ਅਤੇ ਜੇ ਕਿਸੇ ਸਮੇਂ ਇਨ੍ਹਾਂ ਨੂੰ ਸ਼ਾਮਲ ਕਰ ਲਿਆ ਗਿਆ ਤਾਂ ਸੰਘ ਬਹੁਤ ਦੇਰ ਤੱਕ ਕਾਇਮ ਨਹੀਂ ਰਹਿ ਸਕੇਗਾ ।

ਯਹੂਦੀ ਲੜਕੇ ਅਜ ਵੀ ਅਰਦਾਸ ਕਰਨ ਸਮੇਂ ਕਹਿੰਦੇ ਹਨ : " ਹੇ ਰਬ ਜੀ, ਮੈਂ ਤੇਰਾ ਧੰਨਵਾਦੀ ਹਾਂ ਤੂੰ ਨਾ ਤਾ ਮੈਨੂੰ ਕਾਫਰ ਦੇ ਘਰ ਜਨਮ ਦਿੱਤਾ ਅਤੇ ਨਾ ਹੀ ਇਸਤਰੀ ਪੈਦਾ ਕੀਤਾ ਹੈ ।"

ਇਕ ਹੋਰ ਸ਼ਾਇਰ ਨੇ ਤਾ ਇਥੋ ਤਕ ਕਹਿ ਦਿੱਤਾ ਹੈ :

ਅਗਰ ਨੇਕ ਬੂਦੇ ਸਰੰਜਾਮ ਜੱਨ ।
ਜਰਾ ਨ ਮਜ਼ੱਨ ਨਾਮ ਬੂਦੇ ਨ ਜੱਨ ।

ਭਾਵ ਜੇ ਕੋਈ ਇਸਤਰੀ ਨੇਕ ਕੰਮ ਕਰ ਵੀ ਦੇਵੇ ਤਾ ਉਸ ਕੰਮ ਨੂੰ ਔਰਤ ਦੇ ਨਾਮ ਨਾਲ ਜੋੜਨਾ ਉਚਿਤ ਨਹੀ, ਕਿਉ ਕਿ ਔਰਤ ਅਤੇ ਨੇਕੀ ਦੋ ਵਿਰੋਧੀ ਗੱਲਾ ਹਨ ।

Goethe ਕਹਿੰਦਾ ਹੈ ਕਿ ਇਸਤਰੀ ਵਿੱਚ ਰੂਹ ਨਹੀਂ ਹੁੰਦੀ, ਤਾਂ ਸੈਕਸ਼ਪੀਅਰ ਕਹਿ ਦੇਂਦਾ ਹੈ ਕਿ ਕਮਜ਼ੋਰੀ ਦਾ ਨਾਮ ਇਸਤਰੀ ਹੈ । ਮਨੂ ਫੈਸਲਾਂ ਦੇ ਦੇਂਦਾ ਹੈ ਕਿ ਇਸਤਰੀ ਅਗਿਆਨ ਅਤੇ ਕੂੜ ਦੀ ਮੂਰਤ ਹੈ । ਜੈਨੀ ਗਰੰਥਾਂ ਵਿੱਚ ਇਸਤਰੀ ਨੂੰ ਮਾਇਆ ਅਤੇ ਸਰਪਣੀ ਤੱਕ ਕਿਹਾ ਗਿਆ ਹੈ । ਤੁਲਸੀ ਦਾਸ ਨੇ ਤਾਂ ਹੱਦ ਮੁਕਾ ਦਿੱਤੀ ਜਦੋਂ ਉਸ ਨੇ ਇਸਤਰੀ ਦਾ ਦਰਜਾ ਗਵਾਰ/ਸ਼ੂਦਰ ਅਤੇ ਪਸ਼ੂ ਬਰਾਬਰ ਕਰ ਦਿੱਤਾ ।

ਦੁਨੀਆ ਭਰ ਵਿੱਚ ਫੈਲੇ ਇਸਾਈ ਧਰਮ ਵਿੱਚ ਵੀ ਇਸਤਰੀ ਨੂੰ ਬਰਾਬਰੀ ਦਾ ਦਰਜਾ ਨਹੀਂ ਦਿੱਤਾ ਗਿਆ । ਅੱਜ ਤੱਕ ਵੀ ਇਸਾਈ ਇਸਤਰੀ ਨੂੰ ਪਾਦਰੀ ਬਨਣ ਦਾ ਹੱਕ ਪ੍ਰਾਪਤ ਨਹੀਂ ਹੋ ਸਕਿਆ । ਰਿਵਾਜ ਅਤੇ ਕਾਨੂੰਨ ਦੋਹਾ ਵਿੱਚ ਇਸਤਰੀ ਦਾ ਦਰਜਾ ਘਟੀਆ ਹੈ । ਇੰਗਲੈਂਡ ਵਿੱਚ ਇਸਤਰੀਆਂ ਨੂੰ ਜਾਇਦਾਦ ਰੱਖਣ ਦਾ ਹੱਕ as late as 1882 ਵਿੱਚ ਅਤੇ ਵੋਟ ਦਾ ਹੱਕ 1918 ਵਿਚ ਹੀ ਪ੍ਰਾਪਤ ਹੋ ਸਕਿਆ ।

ਅਜਿਹੀ ਪਿੱਠ ਭੂਮੀ ਵਿੱਚ ਅੱਜ ਤੋ ਪੰਜ ਸਦੀਆ ਪਹਿਲਾਂ ਦੇ ਸਮਾਜ ਵਿੱਚ ਇਸਤਰੀ ਨੂੰ ਵਡਿਆਉਣ ਅਤੇ ਉਸ ਦੇ ਹੱਕ ਵਿੱਚ ਨਾਅਰਾ ਲਗਾਉਣ ਦੀ ਜੁਰਅਤ ਗੁਰੂ ਨਾਨਕ ਸਾਹਿਬ ਵਰਗਾ ਕਰਾਂਤੀਕਾਰੀ ਹੀ ਕਰ ਸਕਦਾ ਸੀ। ਆਪ ਨੇ ਇਸ ਨਮਾਦਨ ਅਸਮਾਨਤਾ ਵਿਰੁਧ ਭਰਵੀ ਆਵਾਜ ਉਠਾਈ । ਗੁਰੂ ਨਾਨਕ ਸਾਹਿਬ ਦੀ ਅਸੀਸ ਸਦਕਾ ਹੀ ਸਿੱਖ ਇਸਤਰੀ ਨੂੰ ਪੂਰਨ ਧਾਰਮਿਕ ਅਤੇ ਸਮਾਜਿਕ ਅਜ਼ਾਦੀ ਹਾਸਲ ਹੈ । ਅਜ ਸਿੱਖ ਇਸਤਰੀ ਜਿਥੇ ਡਾਕਟਰ, ਪ੍ਰੋਫੈਸਰ, ਵਕੀਲ, ਪੁਲੀਸ ਅਧਿਕਾਰੀ ਅਤੇ ਰਾਜਨੀਤਕ ਲੀਡਰ ਬਨਣ ਦੀ ਸਮਰਥਾ ਰਖਦੀ ਹੈ , ਉਥੇ ਇਸਨੂੰ ਰਾਗੀ, ਢਾਡੀ ਅਤੇ ਪ੍ਰਚਾਰਕ ਬਨਣ ਦਾ ਵੀ ਬਰਾਬਰ ਦਾ ਹੱਕ ਹੈ। ਸਿਖ ਇਸਤਰੀ ਅੰਮ੍ਰਿਤ ਦੀ ਉਤਨੀ ਹੱਕਦਾਰ ਹੈ ਜਿਤਨਾ ਪੁਰਸ਼ ਅਤੇ ਰਹਿਤ ਮਰਿਯਾਦਾ ਵਿਚ ਸਾਰੇ ਅਸੂਲ ਇਸਤਰੀਆਂ ਤੇ ਮਰਦਾ ਤੇ ਇਕੋ ਜਿਹੇ ਲਾਗੂ ਹੁੰਦੇ ਹਨ । ਕੋਈ ਅਸੂਲ ਇਸਤਰੀ ਜਾ ਪੁਰਸ਼ ਲਈ ਅਲੱਗ ਨਹੀ ਹੈ ਅਤੇ ਇਹਨਾ ਅਸੂਲਾ ਮੁਤਾਬਕ ਹੀ ਸਿਖ ਇਸਤਰੀ ਨੂੰ ਪੰਜਾ ਪਿਆਰਿਆ ਵਿਚ ਸ਼ਾਮਲ ਹੋਣ ਦਾ ਹੱਕ ਪ੍ਰਾਪਤ ਹੈ । ਗੁਰੂ ਅਮਰਦਾਸ ਜੀ ਨੇ ਤਾ ਸੋਲਵੀ ਸਦੀ ਵਿਚ ਹੀ ਬੀਬੀਆ ਨੂੰ ਪ੍ਰਚਾਰਕ ਬਣਾ ਕੇ ਦੂਰ ਦੂਰਾਡੇ ਭੇਜਿਆ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਦਿਆਂ ਅਨੇਕਾਂ ਹੀ ਅਜਿਹੀਆਂ ਤੁਕਾਂ ਦ੍ਰਿਸ਼ਟੀਗੋਚਰ ਹੁੰਦੀਆ ਹਨ, ਜਿਨ੍ਹਾਂ ਵਿਚ ਇਸਤਰੀ ਜਾਤੀ ਨੂੰ ਨਾ ਕੇਵਲ ਮਾਣ ਹੀ ਬਖਸ਼ਿਆ ਗਿਆ ਹੈ ਸਗੋਂ ਅਧਿਆਤਮਿਕ ਪੰਧ ਉੱਤੇ ਉਸ ਨੂੰ ਮਰਦ ਦੀ ਪਥ ਪ੍ਰਦਰਸ਼ਕ ਮੰਨਿਆ ਗਿਆ ਹੈ । ਮਰਦ ਨੂੰ ਸਮਝਾਇਆ ਗਿਆ ਹੈ ਕਿ ਜੇ ਉਸ ਨੇ ਪ੍ਰਮਾਤਮਾ ਨੂੰ ਪਾਉਣਾ ਹੈ ਤਾਂ ਤਰੀਕਾ ਉਸ ਸੁਹਾਗਣ ਇਸਤਰੀ ਕੋਲੋਂ ਪੁੱਛੇ ਜਿਸ ਨੇ ਆਪਣਾ ਸਹੁ ਪਤੀ

ਪਾ ਲਿਆ ਹੈ:

"ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ।"

ਇਥੇ ਇਹ ਦੱਸਣ ਦੀ ਲੋੜ ਨਹੀਂ ਕਿ ਕਿਸੇ ਵੀ ਖੇਤਰ ਵਿੱਚ ਅਗਵਾਈ ਆਪਣੇ ਤੋਂ ਉਚੇ ਇਨਸਾਨ ਤੋਂ ਲਈ ਜਾਂਦੀ ਹੈ, ਨੀਵੇ ਤੋਂ ਨਹੀਂ । ਇਸ ਭਾਵ ਦੇ ਅਨੇਕਾਂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਹਨ:

"ਜਾਇ ਪੁਛਹੁ ਸੋਹਾਗਣੀ, ਤੁਸੀ ਰਾਵਿਆ ਕਿਨੀ ਗੁਣੀ।
ਸਹਿਜ ਸੰਤੋਖ ਸੀਗਾਰਿਆ, ਮਿੱਠਾ ਬੋਲਨੀ ।"

"ਨਿਵਣੁ ਸੁ ਅਖਰੁ, ਖਵਣੁ ਗੁਣੁ, ਜਿਹਬਾ ਮਣੀਆ ਮੰਤੁ,
ਏ ਤ੍ਰੈ ਭੈਣੇ ਵੇਸ ਕਰਿ, ਤਾਂ ਵਸਿ ਆਵੀ ਕੰਤੁ ।" (ਪੰਨਾ 1384)

ਸਹਿਜ ਅਤੇ ਸੰਤੋਖ ਦਾ ਸੀਗਾਰ ਕਰਨਾ, ਮਿੱਠਾ ਬੋਲਣਾ, ਨਿਮਰਤਾ ਧਾਰਨ ਕਰਨੀ, ਖਿਮਾ ਅਤੇ ਵੱਡਾ ਜਿਗਰਾ ਰੱਖਣਾ ਹੀ ਅਜਿਹੇ ਗੁਣ ਹਨ, ਜਿੰਨਾ ਰਾਹੀਂ ਇਸਤਰੀ ਪਤੀ-ਪ੍ਰੇਮ ਹਾਸਲ ਕਰਦੀ ਹੈ। ਜਿਸਨੇ ਪਤੀ-ਪ੍ਰੇਮ ਹਾਸਲ ਕਰ ਲਿਆ ਉਸ ਲਈ ਪ੍ਰਭੂ ਹਾਸਲ ਕਰਨਾ ਕੋਈ ਔਖਾ ਨਹੀਂ, ਕਿਉਂਕਿ ਤਰੀਕਾ ਤਾਂ ਉਹ ਹੀ ਹੈ । ਕੇਵਲ ਪ੍ਰੇਮ ਦੀ ਸੇਧ (Direction) ਹੀ ਪ੍ਰਭੂ ਵਲ ਕਰਨੀ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਪ੍ਰਾਪਤੀ ਲਈ ਮਾਦਾ ਗੁਣਾਂ ਤੇ ਜ਼ੋਰ ਦਿਤਾ ਹੈ। ਨਰ ਗੁਣਾਂ ਦੀ ਲੋੜ ਕੇਵਲ ਉਦੋਂ ਹੈ, ਜਦੋਂ ਸਮਾਜ ਵਿੱਚ ਪਸਰਿਆ ਅਨਿਆਂ ਖਤਮ ਕਰਨ ਲਈ ਮਾਦਾ ਗੁਣ ਅਸਫਲ ਹੋ ਜਾਣ।

"ਚੂੰ ਕਾਰ ਅਜ ਹਮਹ ਹੀਲਤੇ ਦਰ ਗੁਜ਼ਸ਼ਤ,
ਹਲਾਲ ਅਸਤ ਬੁਰਦਨ-ਬ-ਸ਼ਮਸ਼ੀਰ ਦਸਤ।"

ਭਾਵ ਜਦੋਂ ਪ੍ਰੇਮ, ਨਿਮਰਤਾ ਅਤੇ ਹਲੀਮੀ ਨਾਲ ਜ਼ਾਲਮ ਕਾਬੂ ਨਾ ਆਏ ਤਾਂ ਤਲਵਾਰ ਚੁੱਕਣਾ, ਭਾਵ ਨਰ ਗੁਣ ਅਪਨਾਉਣਾ ਜਰੂਰੀ ਹੈ। ਯਾਦ ਰਹੇ ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਖਤਮ ਕਰਨ ਲਈ ਤਲਵਾਰ ਕੇਵਲ ਉਦੋਂ ਹੀ ਚੁੱਕੀ ਜਦੋਂ ਪੰਜਵੇ ਪਾਤਸ਼ਾਹ ਅਤੇ ਨੌਵੇ ਪਾਤਸ਼ਾਹ ਦੀ ਸਹਿਜ ਸੰਤੋਖ ਅਤੇ ਸ਼ਾਂਤਮਈ ਕੁਰਬਾਨੀ ਨਾਲ ਵੀ ਜ਼ਾਲਮ ਦਾ ਮਨ ਨਾ ਪਸੀਜਿਆ।

ਜਿਥੇ ਤੱਕ ਪ੍ਰਮਾਤਮਾ ਪ੍ਰਾਪਤੀ ਦਾ ਸੁਆਲ ਹੈ, ਇਸ ਲਈ ਕੇਵਲ ਇਸਤਰੀ ਗੁਣ ਹੀ ਸਹਾਈ ਹੁੰਦੇ ਹਨ। ਕੇਵਲ ਸੁਹਾਗਣ ਇਸਤਰੀ ਹੀ ਜਿਸਦਾ "ਅੰਦਰ ਸਚੁ ਮੁਖ ਉਜਲਾ ਹੈ" ਉਹ ਹੀ "ਖਸਮੇ ਮਾਹਿ ਸਮਾਇ" ਹੋ ਸਕਦੀ ਹੈ।

ਗੁਰੂ ਸਾਹਿਬ ਨੇ ਗੁਰਬਾਣੀ ਵਿੱਚ ਇਸਤਰੀ ਦੇ ਤਿੰਨ ਸਰੂਪ ਚਿਤਰੇ ਹਨ, ਕੁਚਜੀ, ਸੁਚੱਜੀ ਅਤੇ ਗੁਣਵੰਤੀ। ਪੰਨਾ 762 ਤੇ ਕੁਚੱਜੀ ਦੇ ਲੱਛਣ ਦੱਸਦਿਆਂ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਜਿਹੀ ਇਸਤਰੀ ਕੇਵਲ ਮਾਇਆ ਨਾਲ, ਪਤੀ ਦੀ ਕਮਾਈ ਨਾਲ ਹੀ ਮਤਲਬ ਰੱਖਦੀ ਹੈ, ਪਤੀ ਨਾਲ ਨਹੀਂ।

"ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ।
ਸੇ ਵਸਤੂ ਸਹਿ ਦਿਤੀਆ, ਮੈ ਤਿਨ ਸਿਉ ਲਾਇਆ ਚਿਤੁ ਜੀਉ ।"

(ਪੰਨਾ 762)

"ਮੰਦਰ ਮਿਟੀ ਸੰਦੜੇ, ਪਥਰ ਕੀਤੇ ਰਾਸਿ ਜੀਉ ।
ਹਉ ਏਨੀ ਟੋਲੀ ਭੁਲੀਅਸੁ, ਤਿਸੁ ਕੰਤ ਬੈਠੀ ਪਾਸਿ ਜੀਉ ।" (ਪੰਨਾ 762)

ਅੱਜ ਸਮਾਜ ਵਿੱਚ ਵੀ ਦੇਖੀਏ ਤਾਂ ਪਤਾ ਲਗਦਾ ਹੈ ਕਿ ਜੋ ਇਸਤਰੀ ਕੇਵਲ ਪਤੀ ਨਾਲ ਨਹੀ ਕੇਵਲ ਪਤੀ ਦੀ ਮਾਇਆ ਨਾਲ ਪਿਆਰ ਕਰਦੀ ਹੈ ਉਹ ਪਤੀ ਪ੍ਰੇਮ ਨਹੀਂ ਪਾ ਸਕਦੀ, ਅਤੇ ਹਾਲਤ ਕਈ ਵੇਰ ਤਲਾਕ ਤੱਕ ਵੀ ਪਹੁੰਚ ਜਾਂਦੀ ਹੈ। 'ਮਾਇਆਧਾਰੀ ਅਤਿ ਅੰਨ੍ਹਾ ਬੋਲਾ ਮਨੁੱਖ ਇਸੇ ਸ਼੍ਰੇਣੀ ਵਿੱਚ ਆਉਂਦਾ ਹੈ ।

ਇਸ ਤੋਂ ਬਾਅਦ 'ਸੁਚੱਜੀ' ਦਾ ਵਰਨਣ ਹੈ ਜਿਸ ਲਈ ਪਤੀ ਹੀ ਉਸ ਦੀ ਰਾਸ ਹੈ,ਪੂੰਜੀ ਹੈ, ਅਤੇ ਉਹ ਹਰ ਹਾਲ ਪਤੀ ਦੀ ਸੰਗਤ ਵਿੱਚ ਹੀ ਖੁਸ਼ ਹੈ:

"ਜਾ ਤੂ ਤਾ ਮੈ ਸਭੁ ਕੋ, ਤੂ ਸਾਹਿਬੁ ਮੇਰੀ ਰਾਸਿ ਜੀਉ ।
ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ।" (ਪੰਨਾ 762)

ਅਜਿਹੀ ਇਸਤਰੀ ਲਈ ਪਤੀ ਪ੍ਰਮਾਤਮਾ ਦੇ ਸਾਥ ਵਿੱਚ ਤਖਤ ਮਿਲ ਜਾਏ ਜਾਂ ਭੀਖ ਮੰਗਣੀ ਪਏ, ਇਕੋ ਗੱਲ ਹੈ ।

ਭਾਣੈ ਤਖਤਿ ਵਡਾਈਆ, ਭਾਣੈ ਭੀਖ ਉਦਾਸਿ ਜੀਉ।
ਭਾਣੈ ਸੋ ਸਹੁ ਰੰਗੁਲਾ, ਸਿਫਤਿ ਰਤਾ ਗੁਣਤਾਸਿ ਜੀਉ । (ਪੰਨਾ 762)

ਪਰ ਦੇਖਣ ਵਿੱਚ ਆਇਆ ਹੈ ਕਿ ਕਈ ਵਾਰੀ ਸਭ ਗੁਣਾਂ ਦੀ ਮਾਲਕ ਅਤੇ ਸੁਚੱਜੀ ਹੋਣ ਦੇ ਬਾਵਜੂਦ ਵੀ ਇਸਤਰੀ ਦੀ ਕਦਰ, ਪਤੀ ਦੇ ਘਰ ਵਿੱਚ ਨਹੀਂ ਪੈਂਦੀ । ਆਮ ਇਸਤਰੀ ਤਾਂ ਹੌਸਲਾਂ ਛੱਡ ਬਦਲਾ ਲਊ ਨੀਤੀ ਧਾਰ ਲੈਂਦੀ ਹੈ ਤੇ ਆਪਣਾ ਘਰ ਤਬਾਹ ਕਰ ਲੈਂਦੀ ਹੈ । ਪਰ 'ਗੁਣਵੰਤੀ' ਇਸ ਦਾ ਕਾਰਣ ਲੱਭਣ ਦੀ ਕੋਸ਼ਿਸ਼ ਕਰਦੀ ਹੈ। ਲੋੜ ਪਵੇ ਤਾਂ ਮੈਰਿਜ ਕਾਉਂਸਲਰ ਕੋਲ ਜਾ ਕੇ ਵੀ ਸਲਾਹ ਕਰਦੀ ਹੈ ਅਤੇ ਆਪਣਾ ਘਰ ਵਸਾਉਣ ਵਿੱਚ ਸਫਲ ਹੋ ਜਾਂਦੀ ਹੈ। ਅਜਿਹੀ 'ਸੁਚੱਜੀ' ਇਸਤਰੀ ਨੂੰ ਗੁਰੂ ਸਾਹਿਬ ਨੇ 'ਗੁਣਵੰਤੀ' ਦਾ ਨਾਮ ਦਿਤਾ ਹੈ । 'ਸੁਚੱਜੀ' ਤੋਂ ਬਾਦ ਗੁਣਵੰਤੀ ਦਾ ਜ਼ਿਕਰ ਕਰਦੇ ਹੋਏ ਗੁਰੂ ਸਾਹਿਬ

ਫੁਰਮਾਉਂਦੇ ਹਨ:

"ਜੋ ਦੀਸੈ ਗੁਰਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ।
ਆਖਾ ਬਿਰਥਾ ਜੀਅ ਕੀ, ਗੁਰੁ ਸਜਣੁ ਦੇਹਿ ਮਿਲਾਇ ਜੀਉ।
ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ।"

(ਪੰਨਾ763)

ਗੁਰਸਿੱਖਾਂ ਦੇ ਕਹੇ ਮੁਤਾਬਿਕ ਉਹ ਆਖਰ:
"ਇਉ ਪਾਵਹਿ ਹਰਿ ਦਰਸਾਵੜਾ, ਨਹ ਲਗੈ ਤਤੀ ਵਾਉ ਜੀਉ ।.

(ਪੰਨਾ 763)

ਅਜਿਹੀ 'ਗੁਣਵੰਤੀ' ਹੀ ਪ੍ਰਭੂ ਪ੍ਰਾਪਤ ਕਰ ਸਕਦੀ ਹੈ ।

ਇਸ ਤਰ੍ਹਾਂ ਗੁਰਬਾਣੀ ਵਿੱਚ ਉਹਨਾਂ ਲੋਕਾਂ ਨੂੰ ਗਲਤ ਸਾਬਤ ਕੀਤਾ ਗਿਆ ਹੈ ਜੋ ਕਹਿੰਦੇ ਹਨ, ਇਸਤਰੀ ਮੁਕਤੀ ਪ੍ਰਾਪਤ ਨਹੀਂ ਕਰ ਸਕਦੀ । ਗੁਰਸਿੱਖ ਵਿਦਵਾਨ ਭਾਈ ਗੁਰਦਾਸ ਜੀ ਫਰਮਾਉਂਦੇ ਹਨ;

"ਲੋਕ ਵੇਦ ਗੁਣ ਗਿਆਨ ਵਿਚ
ਅਰਧ ਸਰੀਰੀ ਮੋਖ ਦੁਆਰੀ ।"

ਭਾਵ ਪੁਰਸ਼ ਦੀ ਅਰਧੰਗਨੀ ਹੀ ਪੁਰਸ਼ ਲਈ ਮੁਕਤੀ ਦਾ ਦੁਆਰ ਬਣ ਜਾਂਦੀ ਹੈ ।

ਇਸੇ ਲਈ ਗੁਰੂ ਹਰਗੋਬਿੰਦ ਸਾਹਿਬ ਨੇ ਵੀ 'ਔਰਤ ਈਮਾਨ' ਦਾ ਆਦਰਸ਼ ਦਿੱਤਾ ਸੀ । ਭਗਤ ਧੰਨੇ ਨੇ ਵੀ 'ਘਰ ਕੀ ਗੀਹਨ ਚੰਗੀ ਮੰਗੀ ਸੀ ।

ਇਹ ਤਾਂ ਹੋਈ ਅਧਿਆਤਮਕ ਖੇਤਰ ਦੀ ਗੱਲ । ਰੋਜ਼ਾਨਾ ਜੀਵਨ ਜੀਉਂਦਿਆਂ ਅਤੇ ਸਮਾਜਿਕ ਜੀਵਨ ਵਿਚ ਇਸਤਰੀ ਕਿੰਨ੍ਹਾਂ ਗੁਣਾਂ ਦੀ ਧਾਰਨੀ ਹੋਣੀ ਚਾਹੀਦੀ ਹੈ, ਇਸ ਬਾਰੇ ਵੀ ਗੁਰਬਾਣੀ ਵਿੱਚ ਅਗਵਾਈ ਦਿਤੀ ਗਈ ਹੈ :

"ਬਤੀਹ ਸੁਲਖਣੀ, ਸਚੁ ਸੰਤਤਿ ਪੂਤ ।
ਆਗਿਆਕਾਰੀ ਸੁਘੜ ਸਰੂਪ ।
ਇਛ ਪੂਰੇ ਮਨ ਕੰਤ ਸੁਆਮੀ ।
ਸਗਲ ਸੰਤੋਖੀ ਦੇਰ ਜੇਠਾਨੀ ।
ਸਭ ਪਰਵਾਰੈ ਮਾਹਿ ਸਰੇਸਟ ।
ਮਤੀ ਦੇਵੀ ਦੇਵਰ ਜੇਸਟ ।
ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ ।

ਜਨ ਨਾਨਕ ਸੁਖੇ ਸੁਖਿ ਵਿਹਾਇ ।" (ਪੰਨਾ 371)

ਇਥੇ 'ਬਤੀਹ ਸੁਲਖਣੀ' ਤੋ ਭਾਵ ਹੈ, ਸ਼ੁਭ ਗੁਣਾਂ ਨਾਲ ਭਰਪੂਰ ਇਸਤਰੀ । ਭਾਈ ਕਾਹਨ ਸਿੰਘ ਨਾਭਾ ਨੇ ਜਿਨ੍ਹਾਂ ਬਤੀਹ ਗੁਣਾਂ ਦਾ ਵਰਣਨ ਕੀਤਾ ਹੈ, ਉਹ ਇਸ ਪ੍ਰਕਾਰ ਹਨ:-

ਸੁੰਦਰਤਾ, ਸਵੱਛਤਾ, ਲੱਜਾ, ਚਤੁਰਾਈ, ਵਿਦਿਆ, ਸੇਵਾ, ਪਤਿਭਗਤੀ, ਦਇਆ, ਸਤਯ, ਪ੍ਰਿਯਬਾਣੀ, ਨਿਮਰਤਾ, ਨਿਸ਼ਕਪਟਤਾ, ਏਕਤਾ, ਧੀਰਜ, ਧਰਮਨਿਸ਼ਠਾ, ਸੰਜਮ, ਉਦਾਰਤਾ, ਗੰਭੀਰਤਾ, ਉੱਦਮ, ਸੂਰਵੀਰਤਾ, ਰਾਗ, ਕਾਵਯ, ਚਿਤ੍ਰ, ਔਸ਼ਧੀ, ਰਸੋਈ, ਅਤੇ ਸੀਉਣ ਪਰੋਣ ਦੀ ਵਿਦਿਆ, ਘਰ ਦੀਆਂ ਵਸਤੂਆ ਦਾ ਯਥਾਯੋਗ ਸਿੰਗਾਰਣਾ, ਬਜ਼ੁਰਗਾਂ ਦਾ ਮਾਨ, ਘਰ ਆਏ ਪ੍ਰਾਹੁਣਿਆਂ ਦਾ ਸਨਮਾਨ, ਸੰਤਾਨ ਦਾ ਪਾਲਣ ਆਦਿ ।

ਇਨ੍ਹਾਂ ਗੁਣਾਂ ਦੀ ਮਾਲਕ ਇਸਤਰੀ ਉਤਮ ਸੰਤਾਨ ਦੀ ਮਾਤਾ ਬਣੇਗੀ- 'ਸਚ ਸੰਤਤਿ ਪੂਤ' ਅਤੇ ਅਜਿਹੀ ਇਸਤਰੀ 'ਸਭ ਪਰਵਾਰੈ ਮਾਹਿ ਸ਼੍ਰੇਸ਼ਟ ਹੈ, ਜੋ ਗਲਤ ਰਾਹ ਲੱਗੇ ਦੇਵਰ ਜੇਠ ਨੂੰ ਵੀ ਮੱਤ ਦੇ ਕੇ ਸਿੰਧੇ ਰਸਤੇ ਪਾ ਸਕਦੀ ਹੈ । 'ਮਤੀ ਦੇਵੀ ਦੇਵਰ ਜੇਠ' - ਸਪੱਸ਼ਟ ਹੈ ਕਿ ਜੋ ਇਸਤਰੀ ਵਿਦਿਆਵਤੀ ਹੋਏਗੀ ਤਾਂ ਹੀ ਉਹ ਕਿਸੇ ਨੂੰ ਸਿੱਧੀ ਮੱਤ ਦੇਣ ਦੇ ਕਾਬਲ ਹੋ ਸਕਦੀ ਹੈ ਅਤੇ ਉਹ ਗ੍ਰਹਿ ਧੰਨ ਹੈ ਜਿਸ ਗ੍ਰਹਿ ਵਿੱਚ ਅਜਿਹੀ ਇਸਤਰੀ ਪ੍ਰਗਟ ਹੋ ਜਾਂਦੀ ਹੈ । ਉਥੇ ਤਾਂ ਸਦਾ ਹੀ 'ਜਨ ਨਾਨਕ ਸੁਖੇ ਸੁਖ ਵਿਹਾਇ' ਹੋ ਜਾਂਦਾ ਹੈ । ਇਸ ਦੇ ਉਲਟ ਕੁਚਜੀ ਦੇ ਪੈਰ ਨਾਲ ਘਰ ਨਰਕ ਬਣ ਜਾਂਦਾ ਹੈ ।

ਹੋਰ ਗੁਣ ਜਿਨ੍ਹਾਂ ਦਾ ਉਲੇਖ ਗੁਰਬਾਣੀ ਵਿੱਚ ਆਉਂਦਾ ਹੈ ਉਹਨਾਂ ਵਿੱਚ ਇਸਤਰੀ ਦੀ ਸੁਹਜ ਵਿਦਿਆ ਤੇ (Aesthetic Sense) ਅਤੇ ਘਰ ਦੀ ਸੰਭਾਲ ਖਾਸ ਜ਼ੋਰ ਹੈ :-

"ਕਢਿ ਕਸੀਦਾ ਪਹਿਰਹਿ ਚੋਲੀ, ਤਾਂ ਤੁਮ ਜਾਣਹੁ ਨਾਰੀ ।
ਜੇ ਘਰੁ ਰਾਖਹਿ ਬੁਰਾ ਨਾ ਚਾਖਹਿ, ਹੋਵਹਿ ਕੰਤ ਪਿਆਰੀ ।"

(ਪੰਨਾ1171)

ਫਿਰ ਰਸੋਈ ਵਿਦਿਆ ਦੀ ਮਹੱਤਤਾ ਦੱਸੀ ਹੈ ।

"ਜਿਉ ਪੁਰਖੈ ਘਰਿ ਭਗਤੀ ਨਾਰਿ ਹੈ, ਅਤਿ ਲੋਚੈ ਭਗਤੀ ਭਾਇ ।
ਬਹੁ ਰਸ ਸਾਲਣੇ ਸਵਾਰਦੀ, ਖਟ ਰਸ ਮੀਠੇ ਪਾਇ ।"

(ਪੰਨਾ1413)

ਸਿੱਖ ਸੱਭਿਆਚਾਰ ਵਿੱਚ ਵੀ ਇਸਤਰੀ ਨੂੰ ਹਰ ਪੱਖ ਤੇ ਉਤਮ ਦਰਜਾ ਪ੍ਰਾਪਤ ਹੈ । ਸਤੀ ਪ੍ਰਥਾ ਅਤੇ ਇਸਤਰੀ ਵਿਚ ਪਰਦਾ ਕਰਨ ਦੀ ਰਸਮ ਨੂੰ ਗੁਰੂ ਅਮਰਦਾਸ ਜੀ ਨੇ ਹੁਕਮਨ ਮਨਾ ਕਰ ਦਿਤਾ ਸੀ ਅਤੇ ਵਿਧਵਾ ਵਿਆਹ ਦੀ ਆਗਿਆ ਦੇ ਕੇ ਔਰਤ ਨੂੰ

ਸਵੈਮਾਨ ਭਰਿਆ ਜੀਵਨ ਜੀਊਣ ਦੀ ਜਾਚ ਸਿਖਾਈ । ਸਿਖ ਰਹਿਤ ਮਰਯਾਦਾ ਅਨੁਸਾਰ ਕੁੜੀਮਾਰ ਨਾਲ ਵਰਤਣ ਦੀ ਮਨਾਹੀ ਹੈ । ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ (ਜੂਨ1699) 26 ਜੇਠ ਸੰਮਤ 1756 ਵਿੱਚ ਕਾਬਲ ਦੀ ਸੰਗਤ ਦੇ ਨਾਮ ਜੋ ਹੁਕਮਨਾਮਾ ਲਿਖਿਆ, ਉਸ ਵਿਚ ਹੋਰ ਹੁਕਮਾਂ ਤੋਂ ਇਲਾਵਾ ਜੋ ਖਾਸ ਹੁਕਮ ਕਰ ਭੇਜਿਆ, ਉਹ ਇਸ ਪ੍ਰਕਾਰ ਹੈ:

"ਭਾਦਨੀ ਤਥਾ ਕੰਨਿਆ ਮਾਰਨੇ ਵਾਲੇ ਸੇ ਮੇਲ ਨ ਰਖੇ ।
ਮੀਣੇ, ਮਸੰਦ, ਰਾਮਰਾਈਏ ਦੀ ਸੰਗਤ ਨ ਬੈਸੇ, ਗੁਰਬਾਣੀ ਪੜ੍ਹਨੀ
ਵਾਹਿਗੁਰੂ ਵਾਹਿਗੁਰੂ ਜਪਣਾ, ਗੁਰੂ ਦੀ ਰਹਿਤ ਰੱਖਣੀ ।"

ਇਸ ਹੁਕਮਨਾਮੇ ਦੀ ਰੌਸ਼ਨੀ ਵਿੱਚ, ਅੱਜ ਜਨਮ ਤੋਂ ਪਹਿਲਾ ਹੀ ਲੜਕੀ ਨੂੰ ਮਾਰ ਦੇਣ ਵਾਲਿਆਂ ਨੂੰ ਕੀ ਕਰਾਰ ਦਿਤਾ ਜਾਏ ? ਕੀ ਉਹ ਇਸ ਤਰ੍ਹਾਂ ਕਰਕੇ ਗੁਰੂ ਦੀ ਹੁਕਮ ਅਦੂਲੀ ਤਾਂ ਨਹੀ ਕਰ ਰਹੇ ? ਸਿੱਖ ਰਹਿਤ ਮਰਯਾਦਾ ਅਨੁਸਾਰ ਉਹਨਾ ਨਾਲ ਕੀ ਸਲੂਕ ਕੀਤਾ ਜਾਏ, ਇਸ ਬਾਰੇ ਹੁਕਮਨਾਮਾ ਸਪੱਸ਼ਟ ਹੈ ।

ਅਫਸੋਸ ਦੀ ਗਲ ਹੈ ਕਿ ਇਸ ਹੁਕਮਨਾਮੇ ਦੇ ਬਾਵਜੂਦ ਗੁਰੂਆਂ ਦੀ ਧਰਤੀ ਪੰਜਾਬ ਵਿਚ ਅਜ ਲੜਕੀਆਂ ਨੂੰ ਜਨਮ ਤੋ ਪਹਿਲਾ ਹੀ ਮਾਰਨ ਦਾ ਰਿਵਾਜ ਬਹੁਤ ਪ੍ਰਚਲਤ ਹੋ ਗਿਆ ਹੈ । ਅੰਕੜੇ ਦਸਦੇ ਹਨ ਕਿ ਸੰਨ 2001 ਦੇ Census ਅਨੁਸਾਰ ਸਾਰੇ ਭਾਰਤ ਵਿਚ ਜਿਥੇ ਲੜਕੇ ਲੜਕੀਆਂ ਦੀ ਦਰ 1000 :933 ਹੈ ਉਥੇ ਪੰਜਾਬ ਵਿਚ ਕੇਵਲ 1000 : 874 ਰਹਿ ਗਈ ਹੈ। ਇਕ ਸਾਲ ਤੋ ਛੇ ਸਾਲ ਦੀ ਉਮਰ ਦੇ ਬੱਚਿਆ ਵਿਚ ਇਹ 1000:793 ਹੈ। ਸਮਾਜ ਵਿਚ ਅਜਿਹਾ ਅਸਵਾਪਨ ਦੂਰ ਕਰਨਾ ਸਿਖ ਧਾਰਮਿਕ ਲੀਡਰ ਸ਼ਿਪ ਲਈ ਇਕ ਬਹੁਤ ਵਡੀ ਚੁਨੌਤੀ ਹੈ । ਇਹ ਗੁਰੂ ਹੁਕਮਾਂ ਦੀ ਅਦੂਲੀ ਤਾਂ ਹੈ ਹੀ । ਇਹ ਵੀ ਸਪਸ਼ਟ ਕਰਨ ਦੀ ਲੋੜ ਹੈ ਕਿ ਅਜਿਹਾ ਅਸਵਾਪਨ ਆਚਰਣਕ ਪੱਖੋ ਗਿਰਾਵਟ ਲਿਆਉਂਦਾ ਹੈ । ਅਤੇ ਸਮਾਜ ਵਿਚ ਕਈ ਤਰਾਂ ਦੇ ਕੁਹਜ ਪੈਦਾ ਕਰਦਾ ਹੈ । ਕੁੜੀਮਾਰਾ ਵਿਰੁੱਧ ਇਹ ਹੁਕਮਨਾਮਾ ਸਮਾਜ ਦਾ ਕੁਹਜ ਦੂਰ ਕਰ ਇਕ ਨਰੋਏ ਸਮਾਜ ਦੀ ਸਿਰਜਣਾ ਵਲ ਹੀ ਕਦਮ ਹੈ , ਜਿਸ ਦੀ ਉਸਾਰੀ ਵਿਚ ਗੁਰੂ ਸਹਿਬਾਨ ਯਤਨਸ਼ੀਲ ਰਹੇ ।

ਅਨੰਦ ਕਾਰਜ ਦੀ ਰਸਮ, ਕੰਨਿਆ ਨੂੰ ਵਸਤੂ ਸਮਝ ਕੇ ਕੀਤਾ ਹੋਇਆ ਕੰਨਿਆ ਦਾਨ ਨਹੀਂ ਸਗੋ ਅਨੰਦ ਦਾ ਕਾਰਜ ਹੈ । ਜਿਥੇ 'ਹਮ ਘਰ ਸਾਜਨ ਆਏ' ਅਨੁਸਾਰ ਸਜਣਾਂ ਦਾ ਮੇਲ ਹੁੰਦਾ ਹੈ, ਅਜਿਹੇ ਸਜਣ ਜੋ ਸਾਚੇ ਨਾਲ ਮੇਲ ਦੇਂਦੇ ਹਨ। ਇਨ੍ਹਾਂ ਦੀ ਸੰਗਤ ਕਰਕੇ 'ਪੰਚ ਮਿਲੇ ਸੁਖ ਪਾਇਆ' ਅਤੇ 'ਪੰਚ ਸ਼ਬਦ ਧੁਨ ਅਨਹਦ ਵਾਜੇ' ਵਜਦੇ ਹਨ, ਅਤੇ ਇੱਥੇ ਜੰਞ ਵੀ ਸ਼ਰਾਬੀਆਂ ਦੀ ਨਹੀਂ, ਸਗੋ 'ਹਰਿ ਜਨ ਮਿਲ ਜੰਞ ਸੋਹੰਦੀ' ਹੈ ਅਤੇ ਇਹ ਕਾਜ ਵੀ 'ਹਰਿ ਹਰਿ ਕਾਜ ਰਚਾਇਆ ਪੂਰੇ' ਹੈ । ਕਿਸੇ ਨਾਲ ਗਿਲਾ ਸ਼ਿਕਵਾ ਨਹੀਂ, ਇਸੇ ਲਈ

ਆਨੰਦ ਕਾਰਜ ਹੈ ।

ਦਾਜ ਦਾ ਦਿਖਾਵਾ ਕਰਨ ਦੀ ਰਸਮ ਉਤੇ ਵੀ ਗੁਰੂ ਸਾਹਿਬ ਨੈ ਕਰਾਰੀ ਚੋਟ ਕੀਤੀ ਹੈ:

"ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ,
ਸੁ ਕੂੜੁ ਅਹੰਕਾਰੁ ਕਚੁ ਪਾਜੋ" (ਸਿਰੀ ਰਾਮੁ ਛੰਤ ਮ: 4) (ਪੰਨਾ 79)

ਜੇ ਕੋਈ ਦਾਨ ਮੰਗਿਆ ਹੈ, ਤਾਂ ਕੇਵਲ ਗੁਣਾਂ ਦਾ ਅਤੇ ਹਰੀ ਸ਼ੋਭਾ ਦਾ, ਹਰੀ ਤੇ ਟੇਕ ਦਾ:

"ਹਰਿ ਪ੍ਰਭੁ ਮੇਰੇ ਬਾਬੁਲਾ, ਹਰਿ ਦੇਵਹੁ ਦਾਨੁ ਮੈ ਦਾਜੋ ।
ਹਰਿ ਕਪੜੇ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ।"

ਅੱਜ ਜੇ ਸਿੱਖ ਪਰਿਵਾਰਾਂ ਵਿੱਚ ਬੀਬੀਆਂ ਨੂੰ ਗੁਰਮਤ ਦੀ ਸੋਝੀ ਆ ਜਾਏ, ਤਾਂ ਦਾਜ ਵਰਗੀ ਲਾਅਨਤ ਸਿੰਘ ਸਮਾਜ ਵਿੱਚ ਜੜੋਂ ਪੁੱਟੀ ਜਾਏ ਅਤੇ ਕਿਸੇ ਸਿੱਖ ਬੀਬੀ ਨੂੰ ਦਾਜ ਕਰਕੇ ਸੜਨ ਦੀ ਲੋੜ ਨਾ ਪਵੇ ਲੋੜ ਤਾਂ ਸੋਝੀ ਦੀ ਹੈ ।

ਇੱਕ ਵਿਆਹੀ ਇਸਤਰੀ ਨੂੰ ਜੇ ਗੁਰਬਾਣੀ ਪਤੀਵ੍ਰਤ ਧਰਮ ਵਿੱਚ ਪਕਿਆਂ ਰਹਿਣ ਦਾ ਆਦੇਸ਼ ਦੇਂਦੀ ਹੈ, ਤਾਂ ਪਤੀ ਨੂੰ ਵੀ ਪਤਨੀਵ੍ਰਤ ਹੋਣ ਦੀ ਸਿਖਿਆ ਦੇਂਦਿਆਂ 'ਏਕਾ ਨਾਰੀ ਜਤੀ ਹੋਇ', ਦਾ ਉਪਦੇਸ਼ ਦਿਤਾ ਹੈ । ਗੁਰੂ ਸਾਹਿਬ ਨੇ ਪਾਪੀ ਪਤੀ ਲਈ ਅੰਧ ਅਤੇ ਭੂੰਡ ਜਿਹੇ ਸ਼ਬਦ ਵਰਤੇ ਹਨ:

ਘਰ ਕੀ ਨਾਰਿ ਤਿਆਗੈ ਅੰਧਾ। ਪਰ ਨਾਰੀ ਸਿਉ ਘਾਲੈ ਧੰਧਾ ।
ਪਾਪੀ ਕਾ ਘਰੁ ਅਗਨੇ ਮਾਹਿ। ਜਲਤ ਰਹੈ ਮਿਟਵੈ ਕਬ ਨਾਹਿ ।"
(ਪੰਨਾ1164)

"ਕਿਆ ਗਾਲਾਇਓ ਭੂਛ, ਪਰ ਵੇਲਿ ਨ ਜੋਹੇ ਕੰਤ ਤੂ ।
ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ ।"
(ਪੰਨਾ1095)

ਸਿਖ ਰਹਿਤ ਮਰਿਯਾਦਾ ਵਿਚ ਦਸੀਆ ਚਾਰ ਕੁਰਹਿਤਾ ਵਿਚੋ ਇਕ ਕੁਰਹਿਤ ਰਾਹੀ ਇਸਤਰੀ ਜਾ ਪਰ ਪੁਰਸ਼ ਦੇ ਆਪਸੀ ਸਤਿਕਾਰ ਪੂਰਨ ਸਬੰਧਾਂ ਤੇ ਜ਼ੋਰ ਦਿਤਾ ਗਿਆ ਹੈ। ਪਰ ਇਸਤਰੀ ਜਾ ਪਰ ਪੁਰਸ਼ ਨਾਲ ਮੇਲ ਰਖਣ ਵਾਲਿਆ ਦਾ social byecott ਦਾ ਹੁਕਮ ਹੈ।

ਅਜਿਹਾ ਸੰਕਲਪ ਹੈ ਗੁਰਮਤਿ ਵਿਚ ਪਤੀ ਪਤਨੀ, ਇਸਤਰੀ ਪੁਰਸ਼ ਦੀ ਬਰਾਬਰੀ ਦਾ । ਅਫਸੋਸ, ਅੱਜ ਦੀ ਇਸਤਰੀ ਬਰਾਬਰੀ ਦੇ ਨਾਮ ਤੇ ਪਤੀ ਦੀ ਪੂਰਕ ਬਨਣ ਦੀ ਥਾਂ ਉਸਦੀ rival ਬਣ ਬੈਠੀ ਹੈ ਅਤੇ ਬਰਾਬਰੀ ਬਰਾਬਰੀ ਨਾਂ ਰਹਿ ਕੇ ਇਕ ਦੂਜੇ ਲਈ ਬੇਵਿਸ਼ਵਾਸੀ (mistrust) ਦੀ ਭਾਵਨਾ ਬਣ ਗਈ ਹੈ । ਅੱਜ ਆਪਣੇ ਹੱਕਾ ਲਈਂ (ਫਰਜ਼ਾ ਲਈ ਨਹੀਂ) ਅਵਾਜ਼ ਉਠਾਉਣ ਲਈ ਜਦੋਂ ਸਾਰੀ ਦੁਨੀਆਂ ਦੀਆਂ ਇਸਤਰੀਆਂ ਬੀਜਿੰਗ ਵਿਚ ਕਾਨਫਰੰਸ ਕਰਨ ਲਈ ਇਕੱਠੀਆ ਹੁੰਦੀਆ ਹਨ ਤਾਂ ਮੀਂਹ ਪੈਣ ਉਤੇ ਰੱਬ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੀਆ ਹਨ ਕਿ ਮਰਦ ਰੱਬ ਜਰੂਰ ਇਹਨਾਂ ਦੇ rival ਮਰਦ ਦਾ ਸਾਥ ਨਿਭਾ ਰਿਹਾ ਹੈ । ਕਿਤਨੀ ਤਰਸਯੋਗ ਹਾਲਤ ਹੈ ਮਨੁੱਖ ਦੀ, ਅੱਜ ਇਸ ਅਵਿਸ਼ਵਾਸ਼ ਦੀ ਭਾਵਨਾ ਕਾਰਣ । ਇਸ ਅਵਿਸ਼ਵਾਸ਼ ਦੀ ਭਾਵਨਾ ਵਿੱਚੋਂ ਪੈਦਾ ਹੋਈ ਸੰਤਾਨ ਕਿਵੇਂ ਵਿਸ਼ਵਾਸ਼ ਯੋਗ ਹੋ ਸਕਦੀ ਹੈ ।

ਗੁਰਬਾਣੀ ਦੀ ਅਗਵਾਈ ਹੇਠ ਪ੍ਰਾਪਤ ਕੀਤੀ ਬਰਾਬਰੀ ਜੀਵਨ ਪੰਥ ਨੂੰ ਸੁਖੱਲਾ ਅਤੇ ਸਹਿਜ ਬਣਾਉਂਦੀ ਹੈ । ਮਾਦਾ ਗੁਣ ਅਧਿਆਤਮਕ ਅਤੇ ਸਮਾਜਿਕ ਜੀਵਨ ਨੂੰ ਸੁਚਾਰੂ ਬਣਾਉਂਦੇ ਹਨ ਅਤੇ ਨਰ ਗੁਣ ਸਮਾਜਿਕ ਅੰਨਿਆ ਨੂੰ ਖਤਮ ਕਰ ਜੀਵਨ ਨੂੰ ਪੂਰਨਤਾ ਪ੍ਰਦਾਨ ਕਰਦੇ ਹਨ। ਅੱਜ ਦੀ ਕਹਿੰਦੀ ਕਹਾਉਂਦੀ ਅਗਾਂਹਵਧੂ ਔਰਤ ਵੀ ਬਾਰਬਰੀ ਦਾ ਨਾਅਰਾ ਲਗਾ ਆਪਣੇ ਅੱਧੇ ਅੰਗ ਨਾਲੋ ਨਿੱਖੜ, ਲੰਗੜੀ ਹੋਈ ਜਿੰਦਗੀ ਜੀਉਣ ਲਈ ਮਜਬੂਰ ਹੈ। ਇਸਤਰੀ ਬਾਰੇ ਗੁਰਮਤ ਵਿਚਾਰਧਾਰਾ ਦੇ ਸਾਹਮਣੇ ਅਜ ਦੀ ਵਿਮਨ ਲਿਬਰੇਸ਼ਨ ਮੂਵਮੈਂਟ ਬੌਣੀ ਹੋ ਕੇ ਰਹਿ ਜਾਂਦੀ ਹੈ।

ਕਈ ਸ਼ੰਕਾਲੂ ਬਿਰਤੀ ਦੇ ਮਾਲਕ ਇਹ ਕਹਿੰਦੇ ਸੁਣੇ ਜਾਂਦੇ ਹਨ, ਕਿ ਗੁਰਬਾਣੀ ਇਸਤਰੀ ਨੂੰ ਨੀਵਾਂ ਹੋ ਕੇ ਰਹਿਣ ਲਈ ਕਹਿ ਕੇ ਇਸਤਰੀ ਵਿੱਚ ਦਾਸਤਾ ਦੀ ਭਾਵਨਾ ਭਰ ਫਿਊਡਲ ਸਮਾਜ ਦਾ ਪੱਖ ਪੂਰਦੀ ਹੈ। ਇਹੋ ਜਿਹੀ ਗੱਲ ਕਹਿਣ ਵਾਲੇ ਇਸ ਤੱਥ ਨੂੰ ਨਜਰੋਂ ਉਹਲੇ ਕਰ ਦੇਂਦੇ ਹਨ ਕਿ ਮਲਕ ਭਾਗੋ ਵਰਗੇ ਜਾਗੀਰਦਾਰ ਨੂੰ ਭਰੀ ਸਭਾ ਵਿਚ ਨੰਗਿਆਂ ਕਰ ਸਕਣ ਦੀ ਦਲੇਰੀ ਰੱਖਣ ਵਾਲੇ ਗੁਰੂ ਨਾਨਕ ਸਾਹਿਬ ਅਜਿਹੀ ਕੰਨਟਰਾਡਿਕਸ਼ਨ ਕਿਵੇਂ ਕਰ ਸਕਦੇ ਹਨ। ਇਥੇ ਇਸਤਰੀ ਦਾ 'ਨਿਵਣੁ ਸੁ ਅੱਖਰੁ' ਅਤੇ 'ਖਵਣੁ ਗੁਣੁ' ਉਸ ਦੇ 'ਉਤਮੋ ਮਹਿ ਊਤਮ' ਹੋਣ ਦੀ ਨਿਸ਼ਾਨੀ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਸਰਬ ਗੁਣ ਸੰਪੰਨ ਗੁਰੂ ਨਾਨਕ ਆਪਣੇ ਆਪ ਨੂੰ 'ਦਾਸਨਦਾਸ' ਅਤੇ 'ਨੀਚ' ਆਖਦੇ ਹਨ। ਆਖਰ ਭਾਰੀ ਪਾਸੇ ਨੇ ਹੀ ਹੇਠਾਂ ਹੋਣਾ ਹੈ। "ਨਿਵੈ ਸੁ ਗਉਰਾ ਹੋਇ।" ਖਾਲੀ ਭਾਂਡੇ ਬਹੁਤਾ ਖੜਕਦੇ ਹਨ।

ਗੁਰਬਾਣੀ ਦੀ ਅਗਵਾਈ ਹੇਠ ਸਮਾਜਕ, ਸਭਿਆਚਾਰਕ ਅਤੇ ਅਧਿਆਤਮਕ ਜੀਵਨ ਜੀਉਣ ਵਾਲੀਆਂ ਬੀਬੀਆਂ ਇਸ ਸੰਸਾਰ ਤੇ ਕਿੰਨੀਆਂ ਕੁ ਹੋਈਆਂ ਹਨ। ਇਹ ਦੇਖਣ

ਲਈ ਆਓ ਇਤਿਹਾਸ ਦੇ ਪੰਨੇ ਪਲਟੀਏ ਅਤੇ ਪ੍ਰਸਿੰਧ ਸਿੰਘ ਇਸਤਰੀਆਂ ਦੇ ਜੀਵਨ ਤੇ ਝਾਤੀ ਮਾਰੀਏ।

ਪਹਿਲੀ ਸਿੱਖ ਹੋਣ ਦਾ ਮਾਣ ਪ੍ਰਾਪਤ ਕਰਨ ਵਾਲੀ ਇਸਤਰੀ ਬੇਬੇ ਨਾਨਕੀ ਭੈਣ ਦੇ ਰੂਪ ਅਤੇ ਪਤਨੀ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ। ਭੈਣ ਨਾਨਕੀ ਉਮਰ ਵਿਚ ਵੱਡੀ ਹੋਣ ਦੇ ਬਾਵਜੂਦ ਵੰਡਪਣ ਦਾ ਮਾਣ ਨਹੀਂ ਕਰਦੀ, ਵੀਰ ਨਾਨਕ ਦੇ ਪੈਰੀਂ ਪੈਂਦੀ ਹੈ। ਤਾਂ ਗੁਰੂ ਨਾਨਕ ਕਹਯਾ-'ਬੇਬੇ ਤੂੰ ਵੱਡੀ ਹੈ ਸਗੋਂ ਮੈਂ ਤੇਰੇ ਪੈਰਾਂ ਤੇ ਪਵਾਂ ਕਿ ਤੂੰ ਮੇਰਿਆ ਪੈਰਾਂ ਤੇ ਪਵੇਂ। ਫਿਰ ਨਾਨਕੀ ਜੀ ਕਹਯਾ 'ਭਾਈ ਤੂੰ ਸੱਚ ਆਖਦਾ ਹੈ, ਪਰ ਜੇ ਤੂੰ ਸਧਾਰਨ ਆਦਮੀ ਹੋਵੇਂ ਤਾਂ; ਤੂੰ ਮੈਨੂੰ ਪ੍ਰਮੇਸ਼ਰ ਨਜਰ ਆਂਵਦਾ ਹੈ।'

(ਪੁਰਾਤਨ ਜਨਮ ਸਾਖੀ)

ਗੁਰੂ ਨਾਨਕ ਵਿੱਚ ਪ੍ਰਮੇਸ਼ਰ ਸਭ ਤੋਂ ਪਹਿਲਾਂ ਇਸਤਰੀ 'ਬੇਬੇ ਨਾਨਕੀ ਜੀ' ਦੀ ਦ੍ਰਿਬ ਦ੍ਰਿਸਟੀ ਨੂੰ ਹੀ ਨਜ਼ਰ ਆਇਆ। ਆਪਣੇ ਸ਼ੁਭ ਗੁਣਾਂ ਨਾਲ ਜੋ ਸਤਿਕਾਰ ਪਤੀ ਤੋਂ ਪ੍ਰਾਪਤ ਕੀਤਾ ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ- "ਬਹੂ ਜੀ, ਤੂੰ ਨਾਨਕ ਦੀ ਭੈਣ ਹੈ। ..... ਧੰਨ ਪ੍ਰਮੇਸ਼ਰ ਜੀ ਹੈ ਅਤੇ ਧੰਨ ਨਾਨਕ ਜੀ ਹੈ ਅਤੇ ਤੂੰ ਵੀ ਧੰਨ ਹੈਂ ਜੋ ਇਸ ਦੀ ਭੈਣ ਹੈਂ ਅਤੇ ਥੋੜੇ ਥੋੜੇ ਅਸੀਂ ਵੀ ਧੰਨ ਹਾਂ ਜੋ ਤੇਰੇ ਨਾਲ ਸੰਜੋਗ ਹੋਇਆ ਹੈ।

(ਪੁਰਾਤਨ ਜਨਮ ਸਾਖੀ)

ਵੇਈਂ ਵਿੱਚ ਅਲੋਪ ਹੋ ਗਏ ਨਾਨਕ ਜੀ ਬਾਰੇ ਕੇਵਲ ਬੇਬੇ ਨਾਨਕੀ ਹੀ ਭਰੋਸੇ ਨਾਲ ਕਹਿ ਸਕੀ-"ਮੇਰਾ ਵੀਰ ਡੁੱਬ ਨਹੀਂ ਸਕਦਾ, ਉਹ ਤਾਂ ਡੁੱਬਿਆਂ ਨੂੰ ਤਾਰਨ ਆਇਆ ਹੈ।"

ਜੇ ਮਾਤਾ ਸਾਹਿਬ ਕੌਰ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਪ੍ਰਾਪਤ ਹੋਇਆ ਤਾਂ ਬੇਬੇ ਨਾਨਕੀ ਨੇ ਗੁਰੂ ਨਾਨਕ ਵੀਰ ਨੂੰ ਰਬਾਬ ਭੇਂਟ ਕਰ ਅੰਮ੍ਰਿਤਮਈ ਬਾਣੀ ਖਾਲਸੇ ਨੂੰ ਭੇਟ ਕੀਤੀ ਅਤੇ ਸਾਰੇ ਸਿੱਖ ਜਗਤ ਵਿੱਚ ਬੇਬੇ ਭੈਣ ਅਖਵਾਈ। ਗੁਰੂ ਅੰਗਦ ਦੇਵ ਜੀ ਦੀ ਸੁਪਤਨੀ 'ਨੇਕ ਜਨ' ਮਾਤਾ ਖੀਵੀ ਜੀ ਲੰਗਰ ਦੇ ਸੰਸਥਾ ਦੀ ਪਹਿਲੀ ਸੰਚਾਲਕ ਬਣੀ। 'ਮਾਵਾਂ ਠੰਡੀਆਂ ਛਾਵਾਂ 'ਅਨੁਸਾਰ ਘਿਆਲੀ ਖੀਰ ਦਾ ਲੰਗਰ ਵਰਤਾ, ਮਾਤਾ ਬਹੁਤ ਸੰਘਣੇ ਪੱਤਿਆਂ ਵਾਲੇ ਦਰੱਖਤ ਦੀ ਛਾਂ ਸਾਰੀ ਸੰਗਤ ਲਈ ਬਣ ਗਈ, ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਆਪਣਾ ਨਾਮ ਦਰਜ ਕਰਵਾਉਣ ਦੇ ਮਾਣ ਦੀ ਹੱਕਦਾਰ ਬਣੀ।

"ਬਲਵੰਡ ਖੀਵੀ ਨੇਕ ਜਨ, ਜਿਸੁ ਬਹੁਤੀ ਛਾਉ ਪਤ੍ਰਾਲੀ ॥
ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤ ਖੀਰਿ ਘਿਆਲੀ।" (ਪੰਨਾ 967)

ਸਿੱਖ ਪੰਥ ਦੀ ਪਹਿਲੀ ਪ੍ਰਚਾਰਕ ਬੀਬੀ ਅਮਰੋ ਨੂੰ ਮਾਂ ਖੀਵੀ ਨੇ ਗੁਰਬਾਣੀ ਦੀ ਅਜਿਹੀ ਗੁੜਤੀ ਦਿੱਤੀ ਕਿ ਉਸ ਨੇ ਆਪਣੇ ਨੇਕ ਜੀਵਨ ਨਾਲ ਸਹੁਰੇ ਘਰ ਵਿੱਚ ਬਾਣੀ ਦੀ ਜਾਗ

ਲਾ ਇੱਕ ਅਜਿਹਾ ਸਿਖ ਪੈਦਾ ਕੀਤਾ ਜੋ ਗੁਰੂ ਪਦਵੀ ਨੂੰ ਪ੍ਰਾਪਤ ਹੋ ਗਿਆ। ਮਾਤਾ ਭਾਨੀ ਜੀ ਨੇ ਆਪਣੇ (ਗੁਰੂ) ਅਰਜਨ 'ਪੁਤਾਂ'ਨੂੰ ਅਜਿਹੀ 'ਮਾਤਾ' ਕੀ ਅਸੀਸ' ਦਿਤੀ ਕਿ 'ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਉ ਜਗਦੀਸ' ਮੁਤਾਬਿਕ ਅੰਮ੍ਰਿਤ ਮਈ ਬਾਣੀ ਪੜ੍ਹਦਿਆਂ ਹੋਇਆਂ, ਤੱਤੀਆਂ ਤਵੀਆਂ ਤੇ ਬੈਠ ਗਏ ਪਰ ਸੀ ਤੱਕ ਨਾ ਉਚਾਰੀ। ਸਿਖ ਇਤਿਹਾਸ ਦੀ ਪਹਿਲੀ ਇਸਤਰੀ ਸ਼ਹੀਦ, ਮਾਤਾ ਗੁਜਰੀ ਜੀ ਨੇ ਪਤੀ, ਪੁੱਤਰ ਅਤੇ ਪੋਤਰੇ ਸ਼ਹੀਦ ਕਰਵਾ-ਆਪਣੀ ਸ਼ਹੀਦੀ ਦੇ ਕੇ ਅਜਿਹੇ ਪੂਰਨੇ ਪਾਏ ਕਿ ਅਣਗਿਣਤ ਬੀਬੀਆਂ ਬੱਚਿਆਂ ਦੇ ਟੁਕੜੇ-ਟੁਕੜੇ ਕਰਵਾਂ ਗਲਾਂ ਵਿੱਚ ਹਾਰ ਪੁਆ ਸ਼ਹੀਦ ਹੋ ਗਈਆਂ ਪਰ ਅਣਖ ਅਤੇ ਸਿਧਾਂਤ ਨੂੰ ਕੰਮਪਰੋਮਾਇਜ਼ ਨਹੀਂ ਕੀਤਾ। ਮਾਈ ਭਾਗੋ ਪਹਿਲੀ ਇਸਤਰੀ ਜਰਨੈਲ ਬਣ ਚਾਲ੍ਹੀ ਬੇਦਾਵੀਏ ਸਿੱਖਾਂ ਨੂੰ ਮੁੜ ਗੁਰੂ ਲੜ ਲਾ ਕੇ ਉਹਨਾਂ ਨੂੰ ਚਾਲ੍ਹੀ ਮੁਕਤੇ ਬਣਾ, ਸਿੱਖ ਇਤਿਹਾਸ ਨੂੰ ਕਲੰਕਿਤ ਹੋਣੋਂ ਬਚਾ ਲਿਆ।

ਪਹਿਲੀ ਇਸਤਰੀ ਰਾਜਨੀਤੀਵਾਨ, ਮਾਤਾ ਸੁੰਦਰੀ ਨੇ ਬੰਦਈ ਖਾਲਸੇ ਅਤੇ ਤੱਤ ਖਾਲਸੇ ਵਿਚਾਲੇ ਭੇਦ ਮਿਟਾ ਪੰਥ ਨੂੰ ਦੋਫਾੜ ਹੋਣੋਂ ਬਚਾ ਇੱਕ ਇਤਿਹਾਸਕ ਮੋੜ ਦਿੱਤਾ। ਗੁਰੂ ਸਾਹਿਬ ਜੀਵਨ ਦੇ ਕਾਲ ਤੋਂ ਬਾਅਦ ਮਾਤਾ ਸਾਹਿਬ ਕੌਰ ਨੇ ਅਨੇਕਾਂ ਹੁਕਮਨਾਮੇ ਜਾਰੀ ਕਰ ਖਾਲਸੇ ਦੀ ਅਗਵਾਈ ਕੀਤੀ। ਸਿੱਖ ਇਤਿਹਾਸ ਵਿੱਚ ਹੋਰ ਅਣਗਿਣਤ ਅਜਿਹੀਆਂ ਇਸਤਰੀਆਂ ਦਾ ਜ਼ਿਕਰ ਆਉਂਦਾ ਹੈ ਜੋ ਔਖੇ ਸਮੇਂ ਆਪਣੇ ਵੀਰਾਂ ਨਾਲ ਡਟੀਆਂ ਰਹੀਆਂ। ਘਲੂਘਰਿਆ ਦੇ ਸਮੇ ਨੂੰ ਚਿਤਰਦਾ ਭਾਈ ਵੀਰ ਸਿੰਘ ਰਚਿਤ ਨਾਵਲ 'ਸੁੰਦਰੀ' ਇਕ ਅਜਿਹੀ ਇਸਤਰੀ ਪਾਤਰ ਨਾਲ ਜਾਣ ਪਛਾਣ ਕਰਾਉਂਦਾਂ ਹੈ ਜੋ ਚਿੰਨ੍ਹ ਬਣ ਗਿਆ ਹੈ ਹਜ਼ਾਰਾ ਹੀ ਉਹਨਾਂ ਇਸਤਰੀਆਂ ਦਾ ਜੋ ਔਖੇ ਸਮੇਂ ਆਪਣੇ ਵੀਰਾ ਨਾਲ ਡਟੀਆ ਰਹੀਆ, ਕਦੀ ਜੰਗ ਦੇ ਮੈਦਾਨ ਵਿਚ, ਕਦੀ ਮੀਰ ਮਨੂੰ ਦੀ ਜੇਲ ਵਿਚ ਤੇ ਕਦੀ ਸੁਹੀਏ ਬਣ ਕੇ ਤੇ ਕਦੀ ਜੰਗਲਾਂ ਵਿਚ ਵੀਰਾਂ ਲਈ ਲੰਗਰ ਤਿਆਰ ਕਰਕੇ।

ਹੁਣ ਦੇਖਣ ਵਾਲੀ ਗੱਲ ਹੈ ਕਿ ਅਜ ਸਿਖ ਇਸਤਰੀ ਕਿੱਥੇ ਖੜ੍ਹੀ ਹੈ। ਕੀ ਅੱਜ ਦੀ ਸਿਖ ਇਸਤਰੀ ਦਾ ਅਜਿਹਾ ਸਰੂਪ ਹੈ, ਜਿਸ ਦਾ ਚਿਤਰਨ ਗੁਰਬਾਣੀ ਵਿੱਚ ਕੀਤਾ ਹੋਇਆ ਹੈ? ਕੀ ਅੱਜ ਸਿਖ ਪੰਥ ਕੋਈ ਮਾਈ ਭਾਗੋ ਜਾਂ ਮਾਤਾ ਸੁੰਦਰੀ ਪੈਦਾ ਕਰ ਸਕਿਆ ਹੈ?

ਜੁਆਬ ਸਪੱਸ਼ਟ ਨਾਂਹ ਵਿੱਚ ਹੈ। ਜਰੂਰ ਅਸੀਂ ਕਿਤੇ ਖੁੰਝ ਗਏ ਹਾਂ। ਸ਼ਾਇਦ ਸਿੱਖ ਪੰਥ ਸਮਾਜ ਉਸਾਰੀ ਦੇ ਖੇਤਰ ਵਿੱਚ ਔਰਤਾਂ ਦੁਆਰਾ ਪਾਏ ਜਾ ਸਕਣ ਵਾਲੇ ਉਸਾਰੂ ਯੋਗਦਾਨ ਦੀ ਮਹੱਤਤਾ ਨੂੰ ਨਹੀਂ ਸਮਝ ਸਕਿਆ।

ਨੇਪੋਲੀਅਨ ਨੇ ਕਿਹਾ ਸੀ "Give me good mothers and I will give you a good nation"। ਅੱਜ ਪੰਥ ਚੌਰਾਹੇ ਤੇ ਖੜ੍ਹਾ ਹੈ। ਕੀ ਇਹ ਕਿਤੇ ਇਸ ਕਰਕੇ ਤਾਂ ਹੀ ਨਹੀਂ

ਕਿ ਸਾਡੀਆਂ ਮਾਤਾਵਾਂ ਚੰਗੀਆਂ ਮਾਤਾਵਾਂ ਬਣਨ ਵਿਚ ਅਸਫਲ ਰਹੀਆਂ ਹਨ? ਕੀ ਕਾਰਣ ਹੈ ਕਿ ਨਵਾਬੀਆਂ ਠੁਕਰਾ ਦੇਣ ਵਾਲੇ ਅਤੇ ਫਿਰ ਘੋੜੇ ਦੀ ਲਿੱਦ ਚੁੱਕਣ ਵਾਲੇ ਨੂੰ ਨਵਾਬੀ ਬਖਸ਼ਿਸ਼ ਕਰਨ ਵਾਲੇ ਖਾਲਸਾ ਜੀ ਅੱਜ ਕੁਰਸੀ ਯੁਧ ਵਿੱਚ ਸਾਰੇ ਰਿਕਾਰਡ ਮਾਤ ਪਾਉਂਦੇ ਨਜ਼ਰ ਆ ਰਹੇ ਹਨ? ਕਾਰਣ ਕੇਵਲ ਇਹ ਹੀ ਹੋ ਸਕਦਾ ਹੈ ਕਿ ਜੋ ਮਾਤਾ ਆਪ ਹੀ 'ਮਨਮੁੱਖ ਮੈਲੀ ਕਾਮਣੀ ਕੁਲਖਣੀ ਕੁਨਾਰ', ਬਣ ਜਾਏ ਅਤੇ ਸਹਿਜ ਸੰਤੋਖ ਨਾਲ ਸਿੰਗਾਰੀ ਨਾ ਗਈ ਹੋਵੇ, ਉਸ ਕੋਲੋ ਕਿਵੇਂ ਆਸ ਰੱਖੀ ਜਾ ਸਕਦੀ ਹੈ ਕਿ ਇਹਨਾਂ ਗੁਣਾਂ ਦੀ ਧਾਰਨੀ ਔਲਾਦ ਪੈਦਾ ਕਰੇਗੀ? ਕਿੰਨੀਆਂ ਕੁ ਮਾਤਾਵਾਂ ਅੱਜ ਆਪਣੇ ਬੰਚਿਆਂ ਨੂੰ 'ਹਰਿ ਸਿਮਰਤ ਅਨਦ ਅਨੰਤਾ' ਦੀ ਅਸੀਸ ਦੇਂਦੀਆ ਹਨ ਅਤੇ ਉਹਨਾਂ ਨੂੰ ਸੱਚ ਦੇ ਧਾਰਨੀ ਬਣਾਉਣ ਲਈ 'ਘਾਲਿ ਖਾਇ ਕਿਛੁ ਹਥਹੁੰ ਦੇਇ' ਦਾ ਸਬਕ ਪੜਾਉਂਦੀਆਂ ਹਨ। ਨਿਸਚੇ ਹੀ ਚੰਗੀਆਂ ਮਾਤਾਵਾਂ ਦੀ ਘਾਟ ਹੀ ਅੱਜ ਦੀ ਦੁਬਿਧਾ ਦਾ ਕਾਰਨ ਹੋ ਸਕਦਾ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕੀ ਅਸੀ ਚੰਗੇ ਸਮਾਜ ਦੀ ਸਿਰਜਣਾ ਕਰਨ ਵਾਲੀਆਂ ਮਾਤਾਵਾਂ ਪੈਦਾ ਕਰਨ ਲਈ ਜੱਥੇ ਬੰਦਕ ਤੌਰ ਤੇ ਯਤਨਸ਼ੀਲ ਹਾਂ?

ਕਿਸੇ ਵੀ ਵਿਅਕਤੀ ਦੇ ਆਚਰਣ ਦੀ ਘਾੜਤ ਵਿੱਚ ਦੋ ਵਿਅਕਤੀ-ਵਿਸ਼ੇਸ਼ ਯੋਗਦਾਨ ਪਾਉਂਦੇ ਹਨ। ਇੱਕ ਮਾਤਾ ਅਤੇ ਦੂਸਰਾ ਅਧਿਆਪਕ। ਜਿੱਥੇ ਮਾਤਾ ਨੇ ਬੱਚੇ ਨੂੰ ਗੁੜ੍ਹਤੀ ਵਿੱਚ ਹੀ ਸ਼ੁਭ ਗੁਣ ਦੇ ਕੇ ਉਸ ਦੀ ਹਰ ਸਮੇਂ ਯੋਗ ਅਗਵਾਈ ਕਰਨੀ ਹੈ, ਉਥੇ ਅਧਿਆਪਕ ਨੇ ਸਕੂਲ ਆਏ ਬੱਚੇ ਦੀ ਸੰਭਾਲ ਯੋਗਤਾ ਨਾਲ ਕਰਨੀ ਹੈ।

ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿੱਚ ਖਾਲਸਾ ਸਕੂਲ ਅਤੇ ਕਾਲਜ ਸਿਖੀ ਆਚਰਨ ਦੀ ਘਾੜਤ ਦੀ ਟਕਸਾਲ ਸਮਝੇ ਜਾਂਦੇ ਸਨ। ਪ੍ਰਿੰ: ਤੇਜਾ ਸਿੰਘ, ਭਾ: ਜੋਧ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ ਆਦਿ ਅਨੇਕਾਂ ਸਿਰ ਕੱਢਵੇ ਨਾਮ ਖਾਲਸਾ ਕਾਲਜਾਂ ਨਾਲ ਜੁੜੇ ਹਨ। ਕੀ ਅੱਜ ਦੇ ਖਾਲਸਾ ਕਾਲਜ ਜਾਂ ਸਕੂਲ ਸਾਨੂੰ ਕੋਈ ਭਾ: ਜੋਧ ਸਿੰਘ ਜਾਂ ਭਾਈ ਵੀਰ ਸਿੰਘ ਦੇ ਸਕੇ ਹਨ? ਸਾਡੇ ਪ੍ਰਚਾਰਕ ਬੜੇ ਜੋਰ ਨਾਲ ਕਹਿੰਦੇ ਹਨ ਕਿ ਬੱਚਿਆ ਨੂੰ ਕਾਨਵੈਂਟ ਸਕੂਲਾਂ ਵਿੱਚ ਨਾ ਭੇਜਿਆ ਜਾਏ ਕਿਉਂਕਿ ਉੱਥੇ ਜਾ ਕੇ ਬੱਚੇ ਆਪਣੇ ਕਲਚਰ ਨਾਲੋਂ ਟੁੱਟ ਜਾਂਦੇ ਹਨ। ਪਰ ਕੀ ਸਾਡੇ ਪਾਸ ਕੋਈ ਅਜਿਹਾ ਖਾਲਸਾ ਸਕੂਲ ਹੈ ਜਿਥੇ ਬੱਚਿਆਂ ਨੂੰ ਪਾਏਦਾਰ ਵਿਦਿਆ ਦੇਣ ਦੇ ਇੱਛੁਕ ਮਾਪੇ ਆਪਣੇ ਬੱਚਿਆਂ ਨੂੰ ਭੇਜ ਸਕਣ?

"ਡਾ ਰਾਧਾ ਕ੍ਰਿਸ਼ਨ ਨੇ ਕਿਹਾ ਹੈ-- Education should be imparted with a

view to the type of society that we wish to create"

ਕੀ ਜਿਹੋ ਜਿਹਾ ਸਮਾਜ ਉਸਾਰਣ ਦੇ ਅਸੀਂ ਚਾਹਵਾਨ ਹਾਂ, ਉਹੋ ਜਿਹੀ ਵਿਦਿਆ ਸਾਡੇ ਵਿਦਿਅਕ ਅਦਾਰਿਆਂ ਵਿੱਚ ਦਿੱਤੀ ਜਾ ਰਹੀ ਹੈ? ਕੇਵਲ ਉੱਪਰਲੀ ਨਜ਼ਰ ਮਾਰਨ ਨਾਲ ਹੀ ਸਾਨੂੰ ਜੁਆਬ ਨਾਂਹ ਵਿੱਚ ਮਿਲ ਜਾਏਗਾ। 'ਮਾਇਆ ਕਾਰਣ ਵਿਦਿਆ ਬੇਚਹੁ, ਜਨਮ ਅਬਿਰਥਾ ਜਾਈ' ਦਾ ਬੋਲਬਾਲਾ ਹੈ, ਅਤੇ 'ਵਿਦਿਆ ਵੀਚਾਰੀ ਤਾ ਪਰਉਪਕਾਰੀ' ਦਾ ਆਦਰਸ਼ ਪਿਛੇ ਰਹਿ ਗਿਆ ਹੈ। ਸੂਝਵਾਨ ਪ੍ਰਬੰਧਕ ਅਤੇ ਯੋਗ ਅਧਿਆਪਕਾਂ ਦੀ ਘਾਟ ਇੱਕ ਅਜਿਹੀ ਬੀਮਾਰੀ ਹੈ ਜਿਸ ਵੱਲ ਧਿਆਨ ਨਹੀ ਦਿਤਾ ਗਿਆ। ਮੈਨਜਮੈਂਟ ਕਮੇਟੀਆਂ ਦੀ ਆਪਸੀ ਧੜੇਬੰਦੀ ਨੇ ਹਾਲਾਤ ਹੋਰ ਵੀ ਹਾਸੋਹੀਣੀ ਬਣਾ ਦਿਤੀ ਹੈ ਅਤੇ ਸਿਖ ਵਿਦਿਅਕ ਅਦਾਰੇ ਲੋਕਾ ਲਈ ਮਜ਼ਾਕ ਦਾ ਵਿਸ਼ਾ ਬਣ ਗਏ ਹਨ।

ਸਮੇਂ ਦੀ ਲੋੜ ਹੈ ਕਿ ਅੱਜ ਪੰਥ ਦੇ ਸਿਰਕੰਢਵੇ ਸੱਜਣ ਇਸ ਪਾਸੇ ਧਿਆਨ ਦੇਣ ਅਤੇ ਵਿਦਿਅਕ ਸੰਸਥਾਵਾਂ, ਖਾਸ ਤੌਰ ਤੇ ਬੀਬੀਆਂ ਦੀਆਂ ਵਿਦਿਅਕ ਸੰਸਥਾਵਾਂ ਨੂੰ ਸੌੜੀ ਰਾਜਨੀਤੀ ਤੋਂ ਪਰ੍ਹੇ ਰੱਖ, ਮਿਆਰੀ ਵਿਦਿਆ ਦੇਣ ਲਈ ਯਤਨਸ਼ੀਲ ਹੋਣ, ਤਾਂ ਕਿ ਇਹਨਾਂ ਸੰਸਥਾਵਾਂ ਵਿੱਚ ਯੋਗ ਅਧਿਆਪਕਾ ਦੀ ਅਗਵਾਈ ਹੇਠ ਬੀਬੀਆਂ ਦੇ ਆਚਰਣ ਦੀ ਅਜਿਹੀ ਸੁਚੱਜੀ ਘਾੜਤ ਘੜੀ ਜਾਏ, ਕਿ ਉਹ ਆਉਣ ਵਾਲੇ ਸਮੇਂ ਵਿੱਚ ਚੰਗੀਆਂ ਮਾਤਾਵਾਂ ਬਣ ਉੱਚੇ ਤੇ ਸੱਚੇ ਆਚਰਣ ਵਾਲੀ ਇੱਕ ਅਜਿਹੀ ਕੌਮ ਦੀ ਸਿਰਜਣਾ ਕਰਨ ਕਿ ਕਾਜ਼ੀ ਨੂਰਮੁੰਹਮਦ ਦੇ ਵਾਰਸਾਂ ਨੂੰ ਇਕ ਵਾਰੀ ਫਿਰ ਸਿਖਾ ਬਾਰੇ ਇਹ ਕਹਿਣ ਲਈ ਮਜਬੂਰ ਹੋ ਜਾਣਾ ਪਏ:

"ਇਹ ਸਗ (ਕੁੱਤੇ) ਕਿਸੇ ਨਾਮਰਦ ਨੂੰ ਨਹੀਂ ਮਾਰਦੇ, ਨਾ ਹੀ ਨੱਸੇ ਜਾਂਦੇ ਨੂੰ ਵਲਦੇਹਨ। ਇਹ ਕਿਸੇ ਤਰੀਮਤ ਦਾ ਗਹਿਣਾਂ ਜਾਂ ਰੁਪਿਆ ਨਹੀ ਲੁੱਟਦੇ ਭਾਵੇਂ ਉਹ ਸੁਆਣੀ ਹੋਵੇ ਜਾਂ ਗੋਲੀ ਬਾਂਦੀ। ਇਹਨਾਂ ਵਿੱਚ ਵਿਭਚਾਰ ਵੀ ਨਹੀਂ। ਨਾ ਇਹ ਚੋਰੀ ਕਰਦੇ ਹਨ ਅਤੇ ਨਾ ਹੀ ਚੋਰ ਜਾਂ ਸੰਨ ਮਾਰਨ ਵਾਲੇ ਨੂੰ ਮਿਤਰ ਬਣਾਉਂਦੇ ਹਨ।"

✪✪✪✪✪

[illegible]

[illegible]

ਅਪੀਲ

ਸਮੂੰਹ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ

(1) ਉਹ ਆਪਣੇ ਹਿਰਦੇ ਦੀ ਤਹਿ ਵਿਚੋਂ ਇਸ ਕਾਰਜ ਦੀ ਸਫਲਤਾ ਲਈ ਅਸੀਸਾਂ ਬਖਸ਼ਣ।

(2) ਆਪਣੇ ਵਡਮੁਲੇ ਸੁਝਾਉ ਭੇਜਣ ਤਾਂ ਜੋ ਗੁਰਮਤਿ ਪ੍ਰਸਾਰ ਨੂੰ ਵਧੇਰੇ ਸੁਚਾਰੂ ਬਣਾਇਆ ਜਾ ਸਕੇ ।

(3) ਆਪਣੇ ਕੀਮਤੀ ਸਮੇਂ ਵਿਚੋਂ ਕੁਝ ਸਮਾਂ ਗੁਰਮਤਿ ਪ੍ਰਚਾਰ ਲਈ ਕੱਢਣ ਦਾ ਯਤਨ ਕਰਨ ।

(4) ਆਪਣੀ ਕਿਰਤ ਕਮਾਈ ਨੂੰ ਸਫਲ ਕਰਦੇ ਹੋਏ ਆਪਣੇ ਦਸਵੰਧ ਦਾ ਯੋਗ ਹਿੱਸਾ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਦੁਆਰਾ ਚਲਾਏ ਗਏ ਪ੍ਰਾਜੈਕਟਾਂ ਦੀ ਪੂਰਤੀ ਲਈ ਭੇਜਣ ਦੀ ਕ੍ਰਿਪਾਲਤਾ ਕਰੋ ਜੀ ।

(5) ਸੋਸਾਇਟੀ ਦਾ ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36 ਡੀ, ਚੰਡੀਗੜ੍ਹ ਵਿਖੇ ਐੱਸ.ਬੀ. ਆਕਾਉਂਟ ਨੰ: 4108 ਹੈ । ਮਾਇਕ ਸਹਾਇਤਾ ਨਕਦ/ਚੈਕ ਜਾਂ ਡਰਾਫਟ ਰਾਹੀਂ ਭੇਜੀ ਜਾ ਸਕਦੀ ਹੈ ਜੀ ।

PL-0609

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਉਦੇਸ਼ ਤੇ ਲਕਸ਼

1. ਸਿੱਖੀ ਦੇ ਪ੍ਰਚਾਰ ਲਈ ਪੜ੍ਹੇ ਲਿਖੇ ਤੇ ਧਰਮ ਪ੍ਰਤੀ ਸ਼ਰਧਾ ਰੱਖਣ ਵਾਲੇ ਵਿਅਕਤੀਆਂ ਨੂੰ ਉਤਸ਼ਾਹਿਤ ਕਰਕੇ ਸਿੱਖ ਪ੍ਰਚਾਰਕਾਂ ਦਾ ਸਥਾਈ ਵਰਗ (Regular Cadre) ਤਿਆਰ ਕਰਨਾ।

2. ਇਨ੍ਹਾਂ ਪ੍ਰਚਾਰਕਾਂ ਨੂੰ ਮਾਣ ਇੱਜ਼ਤ ਵਾਲਾ ਸਥਾਨ ਦਿਵਾਣਾ। ਇਨ੍ਹਾਂ ਵਾਸਤੇ ਨੌਕਰੀ ਦੀ ਪ੍ਰੱਪਕਤਾ ਬਣਾਈ ਰੱਖਣ ਦਾ ਯਤਨ ਕਰਨਾ ਅਤੇ ਯੋਗ ਵੇਤਨ ਦਾ ਪ੍ਰਬੰਧ ਕਰਨਾ। ਇਸ ਦੇ ਨਾਲ ਨਾਲ ਸ਼ੋਸ਼ਲ ਸਿਕਿਉਰਟੀ, ਬੱਚਿਆਂ ਦੀ ਤਾਲੀਮ ਤੇ ਸਿਹਤ ਸਹੂਲਤਾਂ ਦਾ ਮੁਹੱਈਆ ਕਰਨਾ।

3. ਟ੍ਰੇਨਿੰਗ ਤੇ ਪ੍ਰਮਾਣਿਕ ਸਾਹਿਤ ਰਾਹੀਂ ਸਿੱਖੀ ਦੇ ਪ੍ਰਚਾਰ ਵਿੱਚ ਇੱਕਸਾਰਤਾ ਲਿਆਉਣ ਦਾ ਯਤਨ ਕਰਨਾ। ਹੋਰਨਾਂ ਧਰਮਾਂ ਪ੍ਰਤੀ ਜਾਗਰੂਕ ਕਰਨ ਤੇ ਅਧਿਐਨ ਕਰਨ ਵਾਸਤੇ ਉਨ੍ਹਾਂ ਵਿੱਚ ਰੁਚੀ ਪੈਦਾ ਕੀਤੀ ਜਾਵੇਗੀ। ਗੁਰੂਆਂ ਦੇ ਉਪਦੇਸ਼ਾਂ ਤੇ ਦਿੱਤੀਆਂ ਸਿੱਖਿਆਵਾਂ ਨੂੰ ਰਸਾਲਿਆਂ, ਮੈਗਜ਼ੀਨਾਂ ਤੇ ਹੋਰ ਲਿਟਰਚਰ ਰਾਹੀਂ ਦੇਸ਼ੀ ਤੇ ਵਿਦੇਸ਼ੀ ਭਾਸ਼ਾਵਾਂ ਵਿੱਚ ਉਲਥਾ ਕਰਵਾ ਕੇ ਲੋਕਾਂ ਤੱਕ ਪਹੁੰਚਾਣ ਲਈ ਕੋਸ਼ਿਸ਼ ਕਰਨਾ।

4. ਗੁਰੂਆਂ ਵੱਲੋਂ ਦਿੱਤੇ "ਸਰਬੱਤ ਦੇ ਭਲੇ" ਦੇ ਮਿਸ਼ਨ ਨੂੰ ਪੂਰਾ ਕਰਨ ਲਈ ਪ੍ਰਚਾਰਕ ਤਿਆਰ ਕੀਤੇ ਜਾਣਾ, ਉਨ੍ਹਾਂ ਸਾਰੀਆਂ ਕਾਰਜ ਵਿਧੀਆਂ ਨੂੰ ਅਪਣਾਉਣ ਦਾ ਯਤਨ ਕਰਨਾ ਜਿਸ ਸਦਕਾ ਗਰੀਬਾਂ, ਜ਼ਰੂਰਤਮੰਦਾਂ, ਵਿਦਿਆਰਥੀਆਂ, ਯਤੀਮਾਂ, ਵਿਧਵਾਵਾਂ ਦੇ ਭਲੇ ਲਈ ਕੰਮ ਬਿਨਾਂ ਕਿਸੇ ਜਾਤੀ ਵਰਗ, ਲਿੰਗ-ਭੇਦ ਅਤੇ ਧਾਰਮਿਕ ਵਖਰੇਵੇਂ ਤੋਂ ਹੋ ਸਕਣ। ਇਨ੍ਹਾਂ ਕਾਰਜਾਂ ਨੂੰ ਨੇਪਰੇ ਚਾੜਨ ਲਈ ਵੋਕੇਸ਼ਨਲ ਟ੍ਰੇਨਿੰਗਜ਼, ਵਿੱਦਿਅਕ ਸਹੂਲਤਾਂ ਅਤੇ ਸਿਹਤ ਸੰਭਾਲ ਦੇ ਸਾਧਨਾਂ ਨੂੰ ਜੁਟਾਇਆ ਜਾਣਾ।

5. ਗੁਰੂ ਸਾਹਿਬਾਨ ਦੇ "ਸਾਂਝੀਵਾਲਤਾ ਦੇ ਸੰਦੇਸ਼" ਨੂੰ ਦੂਜੇ ਧਰਮ ਦੇ ਲੋਕਾਂ ਤੱਕ ਪਹੁੰਚਾਣ ਲਈ ਸੁਘੜ ਪ੍ਰਚਾਰਕ ਤਿਆਰ ਕਰਨਾ ਅਤੇ ਮਨੁੱਖਤਾ ਦੇ ਭਲੇ ਲਈ ਉਦਮ ਕਰਨਾ।

6. ਇਨ੍ਹਾਂ ਉਦੇਸ਼ਾਂ ਤੇ ਲਕਸ਼ਾਂ ਨੂੰ ਅੱਗੇ ਲਿਜਾਣ ਵਾਸਤੇ ਹੋਰ ਸੰਸਥਾਵਾਂ ਤੇ ਲੋਕਾਂ ਦੇ ਸਮੂਹ ਨਾਲ ਰਲ ਕੇ, ਸਾਥ ਦੇ ਕੇ, ਮਦਦ ਕਰਕੇ ਚੱਲਿਆ ਜਾਣਾ।

7. "ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ" ਉਹ ਸਾਧਨ ਅਪਣਾਏਗੀ ਜਿਸ ਰਾਹੀਂ ਉਪਰੋਕਤ ਉਲੀਕੇ ਹੋਏ ਉਦੇਸ਼ਾਂ ਤੇ ਲਕਸ਼ਾਂ ਦੀ ਪੂਰਤੀ/ਸਫ਼ਲਤਾ ਸੰਭਵ ਹੋਵੇ।